INDIA OFFICE
9 NOV 19
LIBRARY.

ਜਬ ਜਬ ਹੋਤ ਅਰਿਸਟ ਅਪਾਰਾ ।
ਤਬ ਤਬ ਦੇਹਿ ਧਰਤ ਅਵਤਾਰਾ ॥

# ਧੁਰ ਕੀ ਜੋਤ

## ਸਤਿ ਗੁਰੂ ਰਾਮ ਸਿੰਘ ਜੀ

ਅਕਾਲ ਪੁਰਖੀ ਜੋਤ ਸੇ ਉਤਾਰ ਹੁੰਦੇ
ਹਨ ਜਾਂ ਹੋਏ ਸੋਈ ਜੋਤ ਹੈ

ਜਿਸਨੂੰ

ਗ੍ਰੰਥ ਕਾਰਕ ਇੰਦ੍ਰ ਸਿੰਘ ਪਿੰਡ ਰਿਸੀਨੁ
ਜ਼ਿਲਾ ਲੁਧਿਆਣਾ ਨੇ ਬੜੀ ਮੇਹਨਤ
ਸਾਥ ਤਯਾਰ ਕੀਤਾ ਅਰ ਛਪਵਾਯਾ

ਜੋਤ ਓਹਾ ਜੁਗਤ ਸਾਇ ਸਹਿ ਕਾਇਆਂ ਫੇਰ ਪਲਟੀਐ

ਮਾਰਚ ੧੯੧੪

ਪਹਿਲੀ ਵਾਰ ੧੦੦੦

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ ਛਪੀ ।

Sri Satguru Jagjit Singh Ji eLibrary NamdhariElibrary@gmail.com

# ਭੂਮਕਾ

ਕਈ ਭਾਈ ਇਸ ਬਾਤ ਨੂੰ ਕਹਿੰਦੇ ਹਨ ਕੂਕੇ ਧਰਮੀ ਸੇ ਗੁਰੂ ਮੰਨੀ ਬੈਠੇ ਹਨ ਗੁਰੂ ਦਸ ਹੂਏ ਹਨ ਪਿਛੇ ਓਨਾਂ ਤੇ ਗੁਰੂ ਗ੍ਰੰਥ ਸਾਹਿਬ ਹੈ ਹੋਰ ਕਈ ਭਾਈ ਇਸ ਬਾਤ ਨੂੰ ਕਹਿੰਦੇ ਹਨ ਜੈਸੇ ਔਰ ਸਾਖਾ ਗੁਰੂ ਘਰ ਮੇ ਹਨ ਤੈਸੇ ਕੂਕਿਓਂ ਕੀ ਸਾਖਾ ਹੈ। ਭਾਈ ਸਾਹਿਬਾਨ ਇਸ ਬਾਤ ਕੋ ਵਿਚਾਰ ਕਰਨੀ ਚਾਹੀਏ ਜੈਸੇ ਕੂਕਿਆਂ ਕੇ ਗੁਰੂ ਨੂੰ ਪਿਛਲੇ ਇਤਿਹਾਸ ਜ਼ਾਹਰ ਕਰਦੇ ਹਨ ਤੈਸੇ ਹੋਰਨਾ ਕੇ ਇਤਹਾਸ ਸਾਖੀਆਂ ਜ਼ਾਹਰ ਕਰਨੀਆਂ ਚਾਹੀਏ ਇਹ ਸਾਖਾ ਨਹੀਂ ਇਹ ਆਦਿ ਤੇ ਗੁਰਿਆਈ ਗੁਰੂ ਘਰਦੀ ਹੈ ਹੋਰ ਨਦੀਆਂ ਨਾਲੇ ਹਨ ਜਥਾ। ਗੁਰੂ ਸਮੁੰਦ ਨਦੀ ਸਭ ਸਿਖੀ। ਆਪ ਜਹਾਂ ਗ੍ਰੰਥ ਪੜ੍ਹਕੇ ਬਿਚਾਰੋ॥

ਅਸਾਂ ਇਸ ਗ੍ਰੰਥ ਵਿਚ ਜੋ ਪ੍ਰਮਾਣ ਦਿਤੇ ਹਨ ਓਹ ਸੁਣੇ ਹਨ ਜਾਂ ਗ੍ਰੰਥਾਂ ਵਿਚ ਦੇਖੇ ਹਨ ਜਿਨਾਂ ਤੋਂ ਸਤਗੁਰੂ ਰਾਮ ਸਿੰਘ ਜੀ ਦਾ ਹੋਣਾ ਪ੍ਰਗਟ ਹੁੰਦਾ ਹੈ ਸੋ ਸੰਖੇਪ ਤੇ ਲਿਖੇ ਹਨ ਜੋ ਸਾਰਾ ਲਿਖਨ ਤੇ ਗ੍ਰੰਥ ਵਧਦਾ ਸੀ ਹੋਰ ਸਾਡਾ ਇਸਦੇ ਲਿਖਣ ਤੋਂ ਇਹੋ ਪ੍ਰਜੋਜਨ ਹੈ ਕਿ ਬਾਰਵਾਂ ਗੁਰੂ ਸਤਗੁਰੂ ਰਾਮ ਸਿੰਘ ਹੋਯਾ ਹੈ॥

ਲੇਖਕ ਇੰਦ੍ਰ ਸਿੰਘ ਗ੍ਰੰਥ ਕਰਤਾ

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

ਦੋਹਰਾ ॥ ਨਮੋ ਕਰੀ ਕਰ ਜੋੜ ਕਰ ਕਵਲ ਸੰਦਰ ਸ੍ਰੀ ਜਾਲ । ਉਰ ਬਾਸੋ ਮੁਹਿ ਦਾਸ ਕੇ ਅਗਿਆਨ ਹੰਛੇ ਤੁਹਿ ਮਾਰ ॥ ੧ ॥ ਦੋਹਿਰਾ ॥ ਸਤਿਗੁਰ ਤੁਮਰੀ ਆਸ ਛੇ ਉਤ੍ਰ ਲਗਿਓ ਦੇਣ । ਜੋ ਜੋ ਸੰਸਾ ਕਰੇਗਾ ਫੁਰੇ ਸੋ ਹਮਰੇ ਬੈਣ ॥ ੧ ॥ ਦੋਃ ॥ ਸੰਗਤ ਬੈਠੀ ਇਕ ਦਿਨੇ ਸਤਿਗੁਰ ਨਾਮ ਜੋ ਲੀਨ । ਸੰਕਾ ਬਾਦੀ ਆਇਆ ਸੰਕਾ ਤਿਸਨੇ ਕੀਨ ॥ ੨ ॥ ਘਰ ਵਿਚ ਗੁਰੂ ਬਨਾਇਆ ਸ਼ਰਮ ਨ ਮਾਸਾ ਕੀਨ । ਦਸ ਗੁਰੂਅਨ ਤੇ ਬੰਦ ਹੈ ਗੁਰਿਆਈ ਕਿਨ ਕੀਨ ॥ ੩ ॥ ਸੰਗਤ ਤਬ ਹੀ ਆਖਦੀ ਇੰਦ੍ਰਸਿੰਘ ਸੁਣਹੋ ਬੀਰ । ਉਤ੍ਰ ਤਿਸਨੂੰ ਦਿਓ ਤੁਮ ਕਰਕੇ ਮੰਤੋ ਗਭੀਰ ॥੪॥ ਚੌਪਈ ॥ ਮੈ ਪੂਛਾ ਤਿਸਹੀ ਕੋ ਤਬੇ । ਕੈ ਗੁਰੁ ਹੋਏ ਸੁਣਾਵੋ ਅਬੇ । ਦਸ ਗੁਰੂਅਨ ਤੇ ਬੰਦ ਜੋ ਹੋਈ । ਪਾਛੇ ਗੁਰੂ ਨਾ ਹੋਵੇ ਕੋਈ ॥ ੫ ॥ ਗੁਰੂ ਗ੍ਰੰਥ ਕੋ ਗੁਰ ਹੀ ਜਾਨੇ । ਦੁਤੀਆ ਹੋਰ ਨਾ ਧਰਹੀ ਕਾਨੇ । ਕਿਸੀ ਗ੍ਰੰਥ ਮੇ ਲਿਖਿਆ ਆਖ । ਕਾਹਨੂੰ ਐਮੇ ਕੂੜੇ ਭਾਖ ॥ ਦੋਃ ॥ ਗ੍ਰੰਥ ਕਿਸੀਮੇਂ ਲਿਖਾ ਜੋ ਹਮ ਨਹੀਂ ਸੁਣਿਆ ਕੋਇ । ਲਿਖਿਆ ਦੇਖਣਾ ਤੁਸੀ ਜੋ ਸੁਣਾਵੋ ਅਬ ਹੀ ਮੋਹਿ ॥ ੭ ॥ ਸੰਗਤ ਤਬ ਹੀ ਆਖਦੀ ਗ੍ਰੰਥ ਕਰੋ ਤੁਮ ਤਿਆਰ । ਸੰਸਾ ਨਸੇ ਜੋ ਇਸੀਕਾ ਔਰਕੋ ਨੱਸਨੇਹਾਰ ॥੮॥

ਸ਼ੰਕਾ ॥ ਭਾਈ ਬਾਲਕ ਸਿੰਘ ਭਾਈ ਰਾਮ ਸਿੰਘ ਕੇ



Sri Satguru Jagjit Singh Ji eLibrary NamdhariElibrary@gmail.com

ਕਿਉਂ ਗੁਰੂ ਕਹਿੰਦੇ ਹੋ ਗੁਰੂ ਦਸ ਹਨ ਜਾਂ ਗੁਰੂ ਗ੍ਰੰਥ ਸਾਹਿਬ ਹੈ ਐਮੇ ਹਠ ਧਰਮ ਸੇ ਗੁਰੂ ਮੰਨੀ ਬੈਠੇ ਹੋ ਕਿਸੇ ਗ੍ਰੰਥ ਆਸਰੇ ਮੰਨਦੇ ਹੋ ਤਾਂ ਸੁਣਾਓ॥ ਉੱਤਰ ॥ ਸੁਣੋ ਭਾਈ ਗਿਆਨ ਸਿੰਘ ਪੰਥ ਪ੍ਰਕਾਸ਼ ਮੇਂ ਲਿਖਾ ਹੈ

* ਪੰਥ ਪ੍ਰਕਾਸ਼ ਕਾ ਪ੍ਰਮਾਣ

ਸੰਮਤ ਛਿਪੰਜਾ ਮਾਹਿ ਬਾਲਕ ਸਿੰਘ ਭਯੋ ਅਵਤਾਰ ਈਸ ਅੰਸ ਭਾਵਤੇ। ਬਾਲਕ ਮ੍ਰਿਗੇਸਤੇ ਵਿਸ਼ੇਸ਼ ਉਪਦੇਸ਼ ਨਾਮ ਦੀਨ ਨਰ ਨਾਰੀ ਲੈ ਉਪਾਰੀ ਭਵ ਤੈ ਤਰੇ । ਔਰ ਇਲਹਾਮ † ਕਰਤਾਰ ਕਈ ਬਾਰ ਦਿਓ ਨਾਮ ਦੈ ਉਧਾਰ ਕਰ ਜੀਵਨੇ ਕਾ ਤੂ ਖਰੇ। ਐਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਹਿ ਮੇਰੋ ਅਵਤਾਰ ਰਾਮ ਸਿੰਘ ਹ੍ਵੈ ਭਰੇ। ਜਹਿ ਹਿਤ ਤਹਿ ਨਹਿ ਔਰ ਕਹਿ ਮਹਿ ਨਿਜ ਸ਼ਕਤ ਰਖਾਈ ਗੁਰਵਾਕ ਦ੍ਰਿੜਥੇ ਧਰੇ। ਸੋਈ ਨਿਜ ਆਇ ਫੁਰੀ ਸੰਮਤ ਬਹਤ੍ਰੇ ਮੇ ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰਕੋ।

ਸੋਈ ਭਾਈ ਗਿਆਨ ਸਿੰਘ ਨੇ ਈਸਰ ਅਵਤਾਰ ਬਾਲਕ ਸਿੰਘ ਕੋ ਲਿਖਾ ਹੈ ਗੁਰ ਰਾਮ ਸਿੰਘ ਕੋ ਗੁਰੂ ਗੋਬਿੰਦ ਸਿੰਘ ਕੇ ਉਤਾਰ। ਗੁਰੂ ਕੇ ਘਰ ਵਿਚ ਕਿਤਨੇ ਪੰਥ ਹਨ ਈਸਰੀ ਉਤਾਰ। ਗੁਰੂਦੇ ਉਤਾਰ ਨਹੀਂ ਰਖੇ ਹਨ ਏਨਾਂਨੂੰ ਹੀ ਰਖਾ ਹੈ ਸੋ ਅਸੀ ਤਾਂ ਅਕਾਲ ਪੁਰਖ ਜਾਣਦੇ ਹਾਂ॥

---

* ਸਨ ੧੯੪੬ ਮੇ ਛਪਿਆ ਹੈ ਉਸਮੇ ਲਿਖਾ ਹੈ।

† ਅਕਾਸ਼ਬਾਣੀ।

Sri Satguru Jagjit Singh Ji eLibrary NamdhariElibrary@gmail.com

ਸ਼ੰਕਾ ॥ ਗਿਆਨਸਿੰਘਨੇ ਤਦ ਲਿਖਦਿਤਾ ਹੋਗਾ ਨਾਮ ਧਾਰੀਆਂ ਕਾਂ ਸ਼ਬਦ ਲੈਲਿਆ ਹੋਗਾ ॥ ਉਤ੍ਰ ॥ ਏਤੋ ਲੈਲਿਆ ਹੋਰ ਸੁਣਲੋ ੧ ਰਤਨਮਾਲਾਮੇ ਲਿਖਾ ਸੋ ਸੁਣੋ ਸਾਖੀ ॥ ਚੌ: ॥ ਰਿਲਪੁਰ ਬੀਚ ਬਾਢੀ ਸੁਤ ਹੋਈ। ਬਲ੍ਹਆ ਪੰਥ ਕਰੇਗਾਸੋਈ। ਦੇਸ ਪੰਜਾਬ ਸੂਦ ਜੋ ਹੋਆ। ਤਨ ਇਹ ਪੰਥ ਮਰਨ ਕਰ ਜੋਆ । (ਮਰਿਆ ਹੋਇਆ ਜੀਉਂਦਾ ਕੀਤਾ।) ਕੂਛਕ ਕਹੀ ਬਹੁਤੀ ਰਹਿ ਗਈ। ਕਥਾ ਕਰਤਾਰ ਬਿਸਰਤੀ ਰਹੀ ॥ ਪੁਨਾ ਸਾਖੀ ੬੩ ॥ ਆਲਮ ਸਿੰਘ ਪੁਛਿਆ ਸਾਹਿਬਜੀ ਦਰਸ ਭੀ ਹੋਗਾ। ਹਮ ਭੀ ਅਮ੍ਰਿਤਸਰ ਰਾਮ ਸਰ ਭਾਵਨਾ ਰਖਦੇ ਹਾਂ ॥ ਪੁਨਾ ਸਾਖੀ ੫੯ ॥ ਤਾਂ ਸਿਖਾਂ ਮਥਾ ਟੇਕਿਆ ਤੇ ਪੁਛਿਆ ਸਾਹਿਬ ਜੀ ਗੁਰੂ ਭੀ ਦਰਸ ਹੋਗਾ ਬਚਨ ਹੋਆ ਖਾਲਸੇ ਮੇ ਹਉਂ ਉਤਰੋਂਗਾ ਦੇਖੋ ਭਾਈ ਗੁਰੂ ਜੋ ਕੈਂਹਦਾ ਮੈ ਆਮਾਗਾ ਸੋ ਗੁਰੂ ਹੀ ਹੋਵੇਗਾ ॥

ਸ਼ੰਕਾ ॥ ਇਹ ਸਹੀ ਮੰਨਿਆ ਹੋਰਲਿਖਾਹੈਤਾਂ ਸੁਣਾਓ॥ ਉਤ੍ਰ ॥ ਸੁਣ ਗੁਰੂਨਾਨਕਜੀਨੇ ਅਜਿਤੇਨੂੰ ਸੁਣਾਈ ਗੁਰਿ ਆਈਦੀ ਬਾਰਤਾ (ਦੇਖੋ ਜਨਮਸਾਖੀ ੧੯੫੨ ਦੀ ਛਪੀ ਹੋਈ) ਫੇਰ ਇਜਿਤੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਫੇਰ ਸਿਖ ਕਿਸਦੀ ਪੈਰੀ ਪੈਣਗੇ ਤੇ ਕਿਉਂ ਕਰ ਬਰਤਾਵਾ ਵਰਤੇਗਾ ਫੇਰ ਗੁਰੂ ਆਪਣੇ ਘਰ ਜਾਮਾ ਲੈਣਗੇ ਕਿ ਹੋਰ ਕਿਤੇ ਬਰਤਨਗੇ ਤਾਂ ਬਚਨ ਹੋਆ ਭਾਈ ਇਜਿਤਿਆ ਜਿਥੇ ਸ਼ਬਦ ਮਿਹਰਬਾਨ ਹੁੰਦਾ ਹੈ ਤਿਥੇ



Sri Satguru Jagjit Singh Ji eLibrary NamdhariElibrary@gmail.com

ਹੀ ਬਖਸ਼ੇਗਾ ਕਿਆ ਘਰ ਕਿਆ ਬਾਹਰ ਆਦਿ
ਜੁਗਾਦੀ ਗੁਰੂ ਕੇ ਚੇਲੇ ਦੀ ਹੈ ਤੇ ਬੱਚਾ ਇਜਿਤਿਆ ਤੈਂ ਜੋ
ਪੁਛਿਆ ਕਿਉਂਕਰ ਵਰਤਾਰਾ ਵਰਤੇਗਾ ਸੋ ਭੀ ਜਦ ਦਸ
ਮਾ ਜਾਮਾ ਹੋਵੇਗਾ ਤੇ ਯਾਰਮਾ ਗੁਪਤ ਵਰਤੇਗਾ॥
ਸਲੋਕ ੪੬ ॥ ਗੁਰ ਚੇਲੇ ਰਹਿਰਾਸ ਅੰਤ੍ਰ ਵੇਖੇ ਦੋਹਿ
ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮਲਾਵਾ ਤੋਹਿ॥
ਤਿਸਕਾ ਪ੍ਰਮਾਰਥ। ਭਾਈ ਇਜਿਤਿਆ ਬਾਹਵਾਂ ਜਾਮਾ ਜਦ
ਗੁਰੂ ਹੋਵੇਗਾ ਨ੍ਰਿਲੰਭ ਸਭ ਦੁਨੀਆਂ ਤੇ ਨਿਆਰਾ ਨ੍ਰਿਲੇਪ
ਸਭ ਦੁਨੀ ਤੇ ਨਿਆਰਾ ਰਹੇਗਾ ਅਤੇ ਆਪਕੋ ਜਣਾਵੇਗਾ
ਨਹੀਂ ਨ੍ਰਿਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਇਕ
ਅਕਾਲ ਪੁਰਖ ਜੀਕਾ ਲਏਗਾ ਤਿਸਕੋ ਕੋਈ ਲਖ ਨਾ
ਸਕੇਗਾ ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਹੀ ਕਮਾ
ਏਗਾ ਅਰ ਜੋ ਸਿਖ ਹੋਣਗੇ ਤਿਸਕੋ ਭੀ ਸ਼ਬਦ ਹੀ ਦਸੇ
ਗਾ ਤਿਸਕੇ ਆਸਰੇ ਮਾਰਗ ਚਲੇਗਾ ਇਸ ਕਰਕੇ ਜਗ
ਤ ਵਿਚ ਜੈਕਾਰਾ ਹੋਵੇਗਾ ਅਤੇ ਉਸਤਤ ਹੋਵੇਗੀ ਅਤੇ
ਜਹਾਂ ਤਕ ਸਿਖ ਭੁੱਲਾ ਤੁਟਾ ਹੋਵੇਗਾ ਸੋ ਸਭ ਉਸਕੀ
ਪੈਰੀ ਆਨ ਪੈਨਗੇ ਸੋ ਨਵੇਂ ਸਿਰੇ ਤੇ ਸਿਖ ਹੋਵਨਗੇ
ਉਨਾਂਕੋ ਬਖਸ਼ ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਸਿਖ
ਹੋਵੇ ਉਸ ਜਹਾਜ ਪੁਰ ਚੜਕੇ ਪਾਰ ਹੋਵੇਗਾ॥

ਮੇਰਾ ਕਹਿਣਾ ॥ ਹੋਰ ਪ੍ਰਮਾਰਥ ਬਹੁਤ ਸੀ ਗ੍ਰੰਥ
ਬਧਨੇ ਤੇ ਥੋੜ੍ਹਾ ਲਿਖਾ ਹੈ॥ ਸਲੋਕ ॥ ਜੁਗਾ ਜੁਗੰਤ੍ਰ
ਗੁਰੂ ਅਟਲ ਹੈ ਦੂਸਰ ਹੋਆ ਨਾ ਹੋਗ। ਚੁਰਾਸੀ ਜਾਮੈ

Sri Satguru Jagjit Singh Ji eLibrary NamdhariElibrary@gmail.com

ਪਹਿਰਕੇ ਪਾਛੇ ਹੋਆ ਅਲੋਪ । ਸਤ੍ਰ ਜਾਮੇ ਭਗਤ ਜਨ ਚੌਦਾਂ ਸਤਿਗੁਰ ਰਾਇ । ਗੁਰਮੁਖ ਹੋਏ ਸੁ ਮਿਲੇਂਗੇ ਮਨ ਮੁਖ ਮਿਲੇ ਸਜਾਇ । ਭਰ ਬੇੜੇ ਲੈਜਾਹਿਗੇ ਸੰਤ ਜਨਾਕੇ ਪੂਰ। ਬੇਮੁਖ ਤੁਟੇ ਤੂਟ ਮੂਏ ਸਨਮੁਖ ਭਏ ਕਬੂਲ । ਗੁਰਮੁਖਿ ਜਿਨੀ ਜਾਣਿਆ ਮਿਟਗਏ ਆਵਣ ਜਾਣ । ਨਾਨਕ ਜਾਤਾ ਖਸਮ ਜਿਨ ਆਏ ਤੇ ਪ੍ਰਮਾਣ ॥

ਸ਼ੰਕਾ ॥ ਏ ਤੇ ਮੰਨਿਆ ਹੈ ਕਿ ਗੁਰੂ ਹੋਆ ਇਹ ਸਿੰਘ ਸਭਾ ਵਾਲੇ ਤਤ ਖਾਲਸਾ ਕੈਂਹਦੇ ਹੈਂ ਤੁਸੀ ਸੰਤ ਖਾਲਸਾ ਕਹਿੰਦੇ ਹੋ ਏਹ ਦੋ ਕਿਉਂ ਹੋਏ ਅੰਮ੍ਰਿਤ ਓਹੀ ਰਹਿਤ ਓਹੀ ਏ ਦੋ ਕਿਉਂ ਕੈਂਹਦੇ ਹੋ ॥ ਉਤ੍ਰ ॥ ਸੁਣ ਖਾਲਸਾ ਤਤ ਰਚਿਆ ਸੋ ਕੁਬੁਧੀ ਹੋਇਆ ਸੋ ਦਸ ਮੇ ਪਾਤਸ਼ਾਹ ਆਪੇ ਲਿਖਦੇਨੇ ਤਤ ਖਾਲਸਾ ਮਲੇਛ ਭੇਖ ਹੋਸੀ ਸੰਤ ਖਾਲਸਾ ਪ੍ਰਗਟ ਹੋਸੀ ਪਹਿਲੇ ਦਸਮੇ ਗੁਰੂ ਨੇ ਰਚਿਆ ਫੇਰ ਬਾਰਮੇ ਗੁਰੂ ਨੇ ਰਚਿਆ ਇਸ ਕਾਰਨ ਫੇਰ ਰਚਿਆ ਸੀ ਮਲੇਛ ਹੋਆ ਮਾਸ ਸੁਰਾ ਰੰਡੀ ਆਮ ਹੋ ਗਈ ਸੀ ਸੋ ਏਸੇ ਕਰ ਗੁਰੂਨੇ ਕਹਾ ਸੀ ਪਰਪੰਚੀਏ ਸਿਖ ਹੋਣਗੇ ਸੋ ਹੋਏ (ਜੇ ਐਸੇ ਸਿਖ ਅਗੇ ਹੋਂਦੇ ਤਾਂ ਇਉਂ ਕਿਉਂ ਕਹਿਣਾ ਸੀ) ਦੇਖਲੌ ਸਿਖੀ ਦੇ ਲਖਣ ਕੀਤੇ ਗਏ ਸੋ ਪਹਿਲੇ ਦਸਮੇ ਗੁਰੂ ਦਾ ਰਚਨਾ ਫੇਰ ਬਾਰਮੇ ਗੁਰੂਦਾ ਰਚਨਾ ਖਾਲਸਾ ਭਾਈ ਦੀ ਬਾਣੀ ਦਸਦੀ ਹੈ ॥

ਓਹ ਗੁਰੁ ਗੋਬਿੰਦ ਹੋਇ ਪ੍ਰਗਟਿਆ ਦਸਮੇ ਅਵ ਤਾਰਾ।ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।

Sri Satguru Jagjit Singh Ji eLibrary NamdhariElibrary@gmail.com

॥ ਸੋ ਹੋਰ ਪਉੜੀ ਦਸਮੇ ਕਾ ਹਾਲ ਇਹ ਥੋੜੇ ਮੇ ਦਿਖਾਇਆ ਗਿਆ ਹੈ ਹੁਣ ੧੫ ਪਉੜੀ ਮੇ ਲਿਖਦੇਨੇ। ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ। ਇਉਂ ਉਠੇ ਸਿੰਘ ਭਬਕਾਰ ਕਰ ਸਭ ਜਗ ਡਰਪਾਨਾ। ਮੜ੍ਹੀ ਗੋਰ ਮਸੀਤ ਢਾਹ ਕੀਏ ਮਦਾਨਾ। ਬੇਦ ਪੁਰਾਣ ਖਟ ਸ਼ਾਸਤ੍ਰਾਂ ਫੁਨ ਮਿਟੇ ਕੁਰਾਨਾ। ਮੀਰ ਪੀਰ ਸਭ ਛਪ ਗਏ ਸਭ ਮਜਬ ਉਲਟਾਨਾ। ਮਲਵਾਣੇ ਕਾਜੀ ਪੜ ਥਕੇ ਕੁਛ ਮਰਮ ਨਾ ਜਾਨਾ। ਲਖ ਪੰਡਤ ਬ੍ਰਾਹਮਣ ਜੋਤਸ਼ੀ ਬਿਖ ਸਿਉਂ ਉਰਝਾਨਾ। ਇਉਂ ਤੀਸਰ ਮਜ਼ਬ ਖਾਲਸਾ ਉਪਜਿਓ ਪਰਧਾਨਾ। ਜਿਨ ਗੁਰ ਗੋਬਿੰਦ ਕੇ ਹੁਕਮ ਸਿਉਂ ਗਹਿ ਖੜਗ ਦਿਖਾਨਾ। ਤੇ ਸਭ ਦੁਸ਼ਟਨ ਕੋ ਛੇਦਕੇ ਅਕਾਲ ਜਪਾਨਾ। ਫਿਰ ਐਸਾ ਹੁਕਮ ਅਕਾਲ ਕਾ ਜਗ ਮੇ ਪ੍ਰਗਟਾਨਾ। ਤਬ ਫਤੇ ਡੰਕ ਜਗ ਮੇ ਘੁਰੇ ਦੁਖ ਦੂੰਦ ਮਿਟਾਨਾ। ਤੀਸਰ ਪੰਥ ਚਲਾਇਅਨ ਬਡ ਸੂਰ ਗਹੇਲਾ। ਵਾਃ ॥ ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ। ਫਿਰ ਜਗ ਹੋਮ ਠਹਿਰਾਏ ਕਰ ਨਿਜ ਧਰਮ ਸਵਾਰਾ। ਬਾਰਾਂ ਸਦੀ ਨਿਬੇੜਕੇ ਗੁਰੂ ਫਤੇ ਬੁਲਾਏ। ਬਾਰਾਂ ਸਦੀ ਗੁਰੂ ਗੋਬਿੰਦ ਸਿੰਘ ਹੋਏ ਨਿਬੇੜਕੇ ਬਾਰਾਂ ਸਦੀ ਗੁਰੂ ਰਾਮਸਿੰਘ ਹੋਏ ਮੜ੍ਹੀਆਂ ਗੋਰਾਂ ਮਸੀਤਾਂ ਗੁਰੂ ਰਾਮਸਿੰਘ ਨੇ ਢਹਾਈਆਂ ਹਨ ਹੋਰ ਕਿਸੇ ਨਹੀਂ ਸੋ ਦਸਮੇ ਪਾਤਸ਼ਾਹ ਲਿਖ ਗਏ

ਹਨ ਮੜ੍ਹੀ ਗੋਰ ਮਸੀਤਾਂ ਗਰਾਇਆਂ। ਸੋ ਗੁਰੂਰਾਮਸਿੰਘ ਇਹ ਕੰਮ ਕੀਤੇ ਹਨ ਤਤ ਖਾਲਸਾ ਬਰਤਨੇ ਲਗਾ ਸੁਰਾ ਮਾਸ ਰੰਡੀ ਸੋ ਭ੍ਰਿਸ਼ਟ ਹੋਆ ਸੰਤ ਖਾਲਸਾ ਪ੍ਰਗਟ ਕੀਤਾ॥

ਸ਼ੰਕਾ ॥ ਇਸਮੇ ਤੋ ਗੁਪਤ ਹੀ ਹੈ ਨਾਮ ਗਾਮ ਨਹੀਂ ਹੈ॥ ਉਤ੍ਰ ॥ ਇਹ ਭੀ ਸੁਣਲੋ ਗਰੁੜ ਨਾਮੇ ਵਿਚ ਨਾਮ ਗਾਮ ਭੀ ਸੁਣੋ ਕੁਛ ਵਨਗੀ ਮਾਤ੍ਰ ॥

ਗੁਰ ਬੰਸਾਵਲੀ ਲਿਖਯਤੇ

ਚਤੁਰ ਦਸ ਅਵਤਾਰੇ ਸ੍ਰੀ ਗਰੁੜਨਾਮੇ ਕਲਜੁਗੇ ਚਤ੍ਰ ਦਸ ਅਵਤਾਰੇ॥ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਸੁਖਦੇਵ ਪ੍ਰੀਛਤ ਸੰਬਾਦੇ। ਆਦ ਜੁਗਮੈ ਸੁਖ ਕਹਿਓ ਸੋ ਅਬ ਕਹਾਂ ਸੁਨਾਇ। ਭੋਗਲ ਧਿਆ ਮੈ ਕਹਿ ਗਿਓ ਸੁਖ ਪ੍ਰੀਛਤ ਪ੍ਰਗਟਾਇ। ਜਾਮਾ ਪਹਿਰੋਂ ਯਾਰਮਾ ਬੀਜਾਪੁਰਕੇ ਮਾਹਿ। ਸੰਗਤ ਮਿਲੇ ਕਰੋੜ ਦੁਇ ਦਰਸ ਦਿਖਾਇਓ ਤਾਹਿ। ਜਾਮਾ ਪਹਿਰੋਂ ਬਾਰਮਾ ਪ੍ਰਗਟਿਆ ਰਘੁਬੰਸ। ਸੰਗਤ ਮਿਲੇ ਅਨੰਤ ਮਾਨੋ ਕੋਟ ਸਹੰਸ। ਜਾਕੋ ਸੁਤ ਜਸ ਰਟਤ ਹੈ ਸਿਸ ਕੋਟ ਮਹੇਸ਼। ਸੋ ਪ੍ਰਗਟੇ ਹੈਂ ਪ੍ਰਿਥੀਪੁਰ ਕੁਲ ਛਤ੍ਰਨ ਕੇ ਦੇਸ। ਕਵਲ ਭੂਤਨ ਪ੍ਰਗਾਸਿਆ ਬਪ ਬਾਰਵਾਂ ਬੰਸ। ਕੁਸ਼ੁ ਦਿਜ ਵਰ ਉਦੇ ਹੈ ਲਊ ਕ੍ਰਿਣ ਸਹੰਸ। ਯਾਹੀ ਕੁਲ ਤੇ ਉਪਜਿਆ ਯਾਹੀ ਕੁਲਕੋ ਨਾਮ। ਪੁਨ ਦੁਆਦਸ ਗਰੁੜ ਕੋ ਮੇਰੀ ਹੈ ਪਰਨਾਮ। ਇਕ ਹਜਾਰ ਮਧ ਨੌ ਸੈ ਆਵੇ। ਇਕੇ ਊਪਰ ਸਾਤਾਂ ਲਾਵੇ। ਪ੍ਰਗਟੇ ਬਾਰਮਾ ਬਪ ਦਰਸਾਵੇ। ਨਰ ਨਾਰੀ ਕੋ ਨਾਮ ਜਪਾਵੇ। ਪ੍ਰਗਟੇ ਸਾਹਿਬ ਕਰੇ

5

Sri Satguru Jagjit Singh Ji eLibrary NamdhariElibrary@gmail.com

ਤਮਾਸਾ। ਸਭ ਅਵਨੀ ਪਰ ਉਨਕਾ ਪਾਸਾ। ਥਿਤ ਖਸ਼ਟਮੀ ਸੁਰ ਗੁਰੂ ਵਾਰ। ਭਸਮੰਤ ਨਗਰ ਸਤਲੁਦ੍ ਕਨਾਰ। ਤੇਜ ਤੁਰਕਨ ਕੋ ਐਸੇ ਜਾਈ। ਜੈਸੇ ਘਾਸਕੋ ਅਗਨ ਲਗਾਈ ॥ ਹੋਰ ਸਾਰਾ ਹੀ ਗਰੰਥ ਨਾਮਾਂ ਏਸੇ ਗੁਰੂ ਕਾ ਹਾਲ ਦਸਦਾ ਹੈ ਥੋੜਾ ਲਿਖਾ ਹੈ ਗ੍ਰੰਥ ਕੇ ਬੜਨੇਤੇ।(ਓਧਰ ਰਾਘਵਾਂਦੀ ਕੁਲ ਏਧਰ ਰਾਮਗੜੀਏ ਓਧਰ ਰਾਮਚੰਦ ਏਧਰ ਰਾਮਸਿੰਘ ਉਨਕੇ ਪਿਤਾ ਜਸਰਥ ਇਨਕੇ ਜਸਾਸਿੰਘ)

ਸ਼ੰਕਾ ॥ ਜੇ ਗੁਰੂ ਹੈ ਪ੍ਰਦੇਸ ਕਿਉਂ ਗਿਆ ਗਡੀਘੜਾ ਦਿੰਦਾ॥ ਉਤ੍ਰ ॥ ਗੁਰੂ ਤੇਗਬਹਾਦਰ ਦਿਲੀ ਵਿਖੇ ਸੀਸ ਕਿਉਂ ਦੀਆ ਓਨਾਂ ਮੇ ਤਾਕਤ ਨਾਸੀ ਸੀ ਦਿਲੀ ਤੋ ਰਹੀ ਤਿਨੇ ਲੋਕ ਪੁਠੇ ਕਰ ਦਿੰਦੇ ਜਥਾ ਕਹਹਿਤ ਧਰਨ ਇਕੱਠੀ ਕਰੋਂ। ਕਹਹਿ ਤ ਲੈਕਰ ਊਪਰ ਧਰੋ। ਉਨਾਂਕਾ ਸੀਸ ਲਗਣਾ ਪਹਲੇ ਹੀ ਗੁਰੂ ਲਿਖ ਗਏ ਸੀ ਗੁਰੂ ਨਾਨਕ ਦੇਵਜੀ ਸਤਿਗੁਰਾਂ ਦਾ ਪ੍ਰਦੇਸ ਜਾਣਾ ਲਿਖਾ ਹੈ ਬਡ ਤੀਰਥ ਵਾਲੀ ਸਾਖੀ ਮੇਂ ਸੋਸੁਣ (ਪ੍ਰਮਾਣ ਬਡ ਤੀਰਥ ਵਾਲੀ ਸਾਖੀ ਕਾ) ਸ੍ਰੀ ਮੁਖਵਾਕ ॥ ਨੰਦਸਿੰਘ ਕੋ ਸਤਿਗੁਰੂ ਸੁਨਾਵੇ। ਭੁਮਲੋਕ ਕੀ ਬਾਤ ਪ੍ਰਗਟਾਵੇ। ਇਕ ਦਸ ਗੁਰ ਹੋਏ ਅਵਤਾਰਾ। ਸੋ ਭਿਓ ਨਾ ਪ੍ਰਗਟ ਸੰਸਾਰਾ। ਸੋ ਯਾਰਮੀ ਪਾਤਸ਼ਾਹੀ ਗੁਪਤ ਰਹਾਈ। ਬਾਰਮੀ ਪਾਤਸ਼ਾਹੀ ਬੈਸ ਕੁਲਮੇ ਆਈ। ਜੋਤ ਹਮਾਰੀ ਤਿਸ ਤਨਮੇ ਰਹਿ। ਗੁਰੂ ਬਚਨ ਤਬਐਸੇ ਕਹੈ। ਬਾਰਾਂ ਸੈ ਸਤ੍ ਜਬ ਆਵੇ। ਵਾਹਿਗੁਰੂ ਸੰਤ ਖਾਲਸਾ ਪ੍ਰਗਟਾਵੇ। (ਸੋਈ ਮੁਸਲਮਾਨੀ

Sri Satguru Jagjit Singh Ji eLibrary NamdhariElibrary@gmail.com

ਸਦੀ ੧੨੦੦ ਸੈ ਸਤ੍ਰ ਮੇ ਗੁਰੂ ਰਾਮਸਿੰਘ ਸੰਤ ਖਾਲਸਾ ਪ੍ਰਗਟ ਕੀਤਾ) ਵਾਹਿਗੁਰੂ ਮੰਤ੍ਰ ਜਾਪ ਜਪਾਵੇ। ਜਪੇ ਜਾਪ ਹਿਰਦੇ ਕੇ ਮਾਹੀ। ਤਬ ਵੁਹ ਸਿੰਘ ਰੂਪ ਹੋਜਾਹੀ। ਕਈ ਗੋਰ ਮਸੀਤਾਂਢਾਵਹਿ। ਤਾਂ ਸਤਿਗੁਰਏਹਖੇਲ ਰਚਾਵਹਿ। ਗਊ ਰਛ ਕਰੇ ਸਿੰਘ ਭਾਰੀ। ਸਭ ਜਾਨੇਗੇ ਨਰ ਨਾਰੀ। ਅੱਸੀ ਸੀਸ ਖਾਲਸੇ ਕੇ ਲਗੇਂਗੇ ਭਾਰੀ। ਤਬ ਸਤਿਗੁਰ ਪ੍ਰਦੇਸ ਸਧਾਵੇ। ਬਾਢੀ ਸੁਤ ਕਹੀਏ ਜੋਈ। ਮਮਕਲਾ ਤੇ ਅਵਤਾਰ ਜੋ ਹੋਈ। ਅਬ ਸੁਨ ਅਪਨੇ ਦੇਸਮੇ ਸਤਿਗੁਰ ਆਵੇ। ਸਵਾ ਪਾਂਚ ਬਰਸ ਬੀਤ ਜਾਇ। ਤਾਕੇਪਾਛੇ ਜੋਤ ਜੋ ਆਈ। ਵਾਕੇ ਅਨਜਮੇ ਰਹਿ ਐਸੇ। ਦੋਨੋਂ ਭਾਈ ਏਕ ਸਰੂਪ ਜੋ ਭਾਸੇ। ਸਤਿਗੁਰ ਆਪ ਮੁਖੋਂ ਪ੍ਰਗਾਸੇ। ਸੋ ਮੋਹਿਕੋ ਲਗੇ ਅਤ ਪਿਆਰਾ। ਹਮਨ ਸੰਜੁਗਤ ਅਖੰਡ ਪਾਠ ਧਾਰਾ। ਤਾਂ ਦਰਸਨ ਕੇ ਪ੍ਰਤਾਪਾ। ਰੰਗੂਨ ਦੇਸਕੇ ਕਾਟੇ ਪਾਪਾ। ਬਹੁਤ ਕਾਲ ਬਿਦੇਸ ਮੇ ਰਹੈਂ। ਜਾਂਤੇ ਪੁਰਖ ਬਿਦੇਸ ਮੰਤ੍ਰ ਲੈਹੈਂ। (ਬਾਰਮੇ ਗੁਰੂ ਰਾਮਸਿੰਘਕੇ ਬਹੁਤ ਸਿਖ ਹੋਏ ਬਡੇ ੨ ਸ਼ਾਹੂਕਾਰ ਮੈ ਆਪ ਦੇਖੇ ਸੁਣੇ ਹਨ) ਹੋਰ ਸੁਣੋ ਸਤਿਗੁਰ ਅਕਾਲ ਪੁਰਖ ਅਵਤਾਰੀ ਹਨ ਚਾਰ ਅਖਰੇ ਸ਼ਬਦ ਮੇਂ ਨਾਮ ਇਨਾਂ ਕਾ ਹੈ ਚੌਦਾਂ ਗੁਰੂਆਂ ਵਿਚ ਸਿਰੋਮਣੀ ਚਾਰ ਹਨ ਸਤਿਗੁਰਾਂ ਦਾ ਨਾਮ ਇਸ ਸ਼ਬਦ ਮੇ ਹੈ। ਸੁਣੋ ਵਾਵਾ ਨਾਨਕ ਵਾਵਾ ਇਹ ੧ ਹਾਹਾ ਹਰਿਗੋਬਿੰਦ ਹਾਹਾ ਇਹ ੨ ਗਾਗਾ ਗੁਰੂ ਗੋਬਿੰਦ ਸਿੰਘ ਗਾਗਾ ਇਹ ੩ ਰਾਰਾ ਗੁਰੂ ਰਾਮ ਸਿੰਘ ਰਾਰਾ ਇਹ ੪ ਚਾਰ

6

Sri Satguru Jagjit Singh Ji eLibrary NamdhariElibrary@gmail.com

ਅਖਰ ਗੁਰੂਨੇ ਪਹਿਲੇ ਹੀ ਰਖੇ ਹਨ। ਗੁਰੂ ਨਾਨਕ ਜਗਤ ਨਾਲੋਂ ਉਲਟਾ ਰਸਤਾ ਤੋਰਾ ਕੁਰਾਹੀ ਜਗਤਨੇ ਭਾਖਾ ਫੇਰ ਗੁਰੂ ਹਰਿਗੋਬਿੰਦ ਪਿਛਲੀ ਰੀਤੀ ਤੇ ਉਲਟ ਤੋਰਾ ਫੇਰ ਗੁਰੂ ਗੋਬਿੰਦ ਸਿੰਘ ਪਿਛੇ ਨਾਲੋਂ ਉਲਟ ਤੋਰਾ ਨਆ ਫੇਰ ਉਲਟ ਭਰਮਾਇਆ ਗੁਰੂ ਰਾਮਸਿੰਘ ਸੋ ਜਗਤ ਕੂਕੇ ਭਾਖਣ ਲਗ ਗਿਆ ਇਸ ਕਰਕੇ ਸਿਰੋਮਣੀ ਚਾਰ ਹੋਏ॥

ਹੁਣ ਬਿਹੰਗਮ ਕਾ ਕਹਿਣਾ ॥ ਸੁਨਪਤ ਰਾਜਾ ਥਾ ਤਿਸਕੇ ਚਾਰ ਬੇਟੇ ਥੇ ਰਾਜੇ ਹੁਕਮ ਕੀਤਾ ਚਾਰੇ ਚਹੁੰ ਕੂੰਟਾਂ ਨੂੰ ਦੌੜ ਪਵੋ ਤਾਂ ਪਹਿਲੇ ਬਕਾਰ ਉਪਜਿਆ ਗਗਨਪਤ ਰਾਜਾ ਗਿਆਨ ਸੁਧ ਤਿਸਤੇ ਪੈਦਾ ਹੋਆ। ਰਾਰਾ ਰੂਪ ਆਪਨਥਿਆ ਤਿਸਤੇ ਰਾਰਾ ਪੈਦਾਕੀਆ ਤਿਸ ਵਿਚ ਤਿੰਨ ਥਾਨ ਖੋਜੇ ਮੱਧਿਆਨ ਤੇ ਵਾਵਾ ਪਤਾਲ ਪੁਰੀ ਤੇ ਹਾਹਾ ਗਗਨਪੁਰੀ ਤੇ ਗੱਗਾ ਆਪਨੇ ਰੂਪ ਤੇ ਰਾਰਾ ਇਹ ਚਹੁੰ ਥਾਨਾਂਥੀਂ ਚਾਰ ਅਖਰ ਕੀਤੇ ਰਾਰਾ ਅੱਖਰਸਤਿ ਗੁਰੂ ਰਾਮਸਿੰਘਕੇ ਨਾਮ ਕਾ ਹੈ ਸੋ ਰਾਮ ਸਿੰਘ ਸਤਿਗੁਰੂ ਕਿਉਂਨਾਹੋਏ ਨਮਸਕਾਰ ਗੁਰਦੇਵਕੋ ਸਤਨਾਮਜਿਨ ਮੰਤ ਰਸੁਣਾਇਆ। ਕਰਨੀ ਨਾਮੇ ਵਿਚ ਲਿਖਾਹੈ ਸੰਤ ਖਾਲਸੇ ਕਾ ਹੋਤ ਪ੍ਰਕਾਸ਼। ਸੋ ਸੰਤ ਖਾਲਸਾ ਇਸਨੂੰ ਕੌਂਹਦੇ ਹਨ (ਦਸਮ ਗ੍ਰੰਥ ਸਾਹਿਬ ਕਾ ਪ੍ਰਮਾਣ) ਦੇਖ ਭਾਈ ਸਭ ਕਾ ਆਸ਼ਾ ਇਕ ਹੈ ਇਹ ਸਤਿਜੁਗ ਦਸਵੇਂ ਗੁਰੂ ਬਰਤੌਣਾ ਲਿਖਾ ਹੈ। ਜਥਾ॥ ਸਵੈਯਾ ॥ ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ। ਜੀਵ ਜਿਤੇ ਜਲ

Sri Satguru Jagjit Singh Ji eLibrary NamdhariElibrary@gmail.com

ਬਲਮੇ ਪਲ਼ਹੀ ਪਲਮੇ ਸਭ ਥਾਪ ਥਪੈਂਗੇ। ਪੁਨ ਪਰ ਤਾਪੁਨ ਬਾਦ ਜੋਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ। ਸਾਧਸਮੂਹ ਪ੍ਰਸੰਨਫਿਰੈ ਜਗੁਸਤ੍ਰਸਭੈ ਅਵਲੋਕ ਚਪੈਂਗੇ। ਗੁਰੂ ਜੋ ਲਿਖਦੇ ਹਨ ਸੋ ਬ੍ਰਿਥਾ ਨਹੀਂ ॥

ਸ਼ੰਕਾ ॥ ਹੋਰ ਕਿਸੇ ਬਡੇ ਗ੍ਰੰਥ ਮੇ ਲਿਖਾਹੈ ਤਾਂਸੁਣਾਓ। ਤ੍ਰ-ਪ੍ਰਮਾਣ ਸੂਰਜ ਪ੍ਰਕਾਸ਼ ॥ ਸੂਰਜ ਪ੍ਰਕਾਸ਼ ਜਿਲਦ ਪੰਜਵੀਂ ਆਲਮਸਿੰਘ ਕਾ ਪੁਛਣਾ॥ਜਥਾ॥ਹਮ ਭੀ ਹਿਰਦੇ ਭਾਵਣੀ ਰਖੇਂ ਸੁਧ ਸੌਇ। ਅੰਮ੍ਰਿਤਸਰ ਪਹੁਚਬੇ ਰਾਮ ਸਰੋਵਰ ਜੋਇ॥ ਚੌਪਈ ॥ ਵੇਰ ਯਾਰਵੀਂ ਜਬ ਹਮ ਆਵੇ। ਤਿਸਤੇ ਕੋਈ ਨਾ ਹਮਲਖ ਪਾਵੇ । ਪੰਥ ਖਾਲਸਾ ਖੇਤੀ ਮੇਰੀ। ਕਰੂੰ ਸਮਾਲਣਾ ਤਿਸਹੀ ਬੇਰੀ ॥ ਸੋ ਸਮਾਲਣਾ ਗੁਰ ਬਣ ਕੇ ਈ ਕਰੇਗਾ ਤਾਂਤੇ ਹੋਰ ਗੁਰੂ ਹੋਆ ਚਾਹੀਏ॥

ਸਰਬ ਲੋਹਿ ਗ੍ਰੰਥ ਦਵਾਦਸ ਸਰੂਪ ਕਾ ਪ੍ਰਮਾਣ

ਸਤਿਗੁਰ ਏਕ ਹੀ ਦਵਾਦਸ (ਬਾਰਮਾ ਗੁਰੂ) ਭਾਨ ਪ੍ਰਗਟੇ ਹਰਿ ਸੰਤਾ। ਪ੍ਰਤੱਖ ਕਲਾ ਪਾਰਬ੍ਰਹਮ ਧਨੇਜ ਸਰਬ ਪੰਥ ਖਾਲਸਾ ਗ੍ਰੰਥ ਰੂਪ ਬਧੰਤਾ। ਗੁਰ ਬਿਲਾਸਮੇ ਲਿਖਿਆ ਹੈ ਦਾਦੂ ਸਾਹਿਬ ਨੇ ਦਸਮੇ ਪਾਤਸ਼ਾਹ ਤੇ ਪੁਛਿਆ ਹੈ। ਦਾਦੂ ਸਾਹਿਬ ਉਚਾਰਿਆ ਕ੍ਰਿਪਾਸਿੰਧ ਮਹਾਨ। ਤੁਮਪੀਛੇ ਦੁਖ ਦੇਣਗੇ ਜੋ ਹਣ ਮੁਸਲਮਾਨ । ਕ੍ਰਿਪਾ ਸਿੰਧ ਉਚਾਰਿਆ ਸੁਣਹੋ ਦਾਦੂ ਸਾਤ। ਪੁਨਾ ਸਿੰਘ ਸਜਾਇਕੇ ਬੈਰ ਲਊਂ ਬਹੁ ਭਾਂਤ॥ ਭੁਜੰਗ ਪ੍ਰਯਾਤ ਛੰਦ ॥ ਜੇਤੇ ਬੈਰ ਮੋਹਿ ਸਿਉਂ ਪਾਪੀ ਜਾਨ ਕੀਨੇ । ਭਲੀ ਭਾਂਤ ਸੋ ਲਊਂ



Sri Satguru Jagjit Singh Ji eLibrary NamdhariElibrary@gmail.com

ਇਨਹੀ ਸੰਗ ਚੀਨੇ। ਸਭ੍ਾ ਵੇ ਮਿਲੇਛ਼ੀ ਕਰਾਂਗਾਮੈ ਦੂਰੀ।
ਵਹੀ ਰਹਿਣ ਪੈਹੈ ਜੋ ਮਿਲੇਗਾ ਹਜੂਰੀ॥ ਚੌਪਈ
॥ ਕ੍ਰਿਪਾ ਸਿੰਧ ਮੁਖੋ ਜਹਿਗਾਨਾ। ਖਾਸ ਦੀਵਾਨ ਬਰਾਜੇ
ਮਹਾਨਾ। (ਰਾਮਸਿੰਘ ਸ਼ਤਿਗੁਰ ਕੋ ਕਹਾ ਹੈ) ਤਿਨ ਮੇ
ਰਾਮਸਿੰਘ ਮਮਸਾਰਾ। ਦੇਸ ਮਾਲਵੇ ਮਾਹਿ ਅਵਤਾਰਾਂ॥
ਸ਼ੰਕਾ ॥ ਗੁਰਮਤ ਮੇ ਤਾਂ ਸੁਣਾਂ ਦਿੜਤਾ ਆਈ ਹੋਰ
ਕਿਸੇ ਸ਼ਕਤੀ ਵਾਲੇ ਲਿਖਾ ਹੈ ਕਿ ਨਹੀਂ॥ਲਿਖਾਹੈ ਸੁਣੋ
ਉਤ੍-ਪ੍ਰਮਾਣ ਸਾਧੂ ਸਰਬੰਗ ਕਾ॥ ਸਰਬੰਗ ਸਾਧੂ ਹੋਇ
ਨਰਬਦਾ ਨਦੀ ਤੇ ਸਾਧਨਾ ਕੀਤੀ ਅਗੰਮਤਾ ਹੋਈ ਓਭੀ
ਸਤਿਗੁਰਾਂ ਦਾ ਹੋਣਾ ਲਿਖਦੇ ਹਨ ਸੋ ਭੀ ਸੁਣ। ਜਨ ਸਰ
ਬੰਗ ਸਾਧੂ ਲਖੇ ( ਧਰਮ ਹੇਤ ੯੨ ਸੀਸ ਲਗਣਗੇ )
ਬਿਆਰ ਸੀਸ ਚੜ ਸੈਲ ਮੋਨ ਗਰੁੰਡ ਦੋਵੇਂ ਰੁਸੇ ਲੜੇਂਗੇ
ਸਭ ਰਾਜਧਾਨੀ । ਕਹਿਤ ਸਾਧ ਸਰਬੰਗ ਬਾਤ ਸਾਚੀ
ਅਵਧੂਤ। ਦੇਸ ਪੂਰਬੋਂ ਆਵਸੀ ਚੇਲਾ ਮਰਦ ਕਾ ਸੋਇ॥
ਉਤ੍ ਪਸਚਮ ਦਿਸਾਮੇ ਪ੍ਰਿਥਮੇ ਪ੍ਰਗਟ ਹੋਇ। ਉਮਰਤਿਸ
ਬਰਸ ਇਕੀਸੇ (੨੧ ਸਾਲ ਦੇ ਸਤਿਗੁਰੂ ਨਾਮ ਦਸ
ਨਗੇ) ਸਾਲ ਸਤਾਰੇ(ਸਤਾਰੇ ਸਾਲ ਸੰਗਤਾਂਦਾ ਜੋਰ ਹੋਗਿ
ਆ ਸੀ) ਮਾਹਿਧਰੇ ਤਿਸ ਬਲਜਗਦੀਸੇ। ਕਹਿਤ ਸਾਧ
ਸਰਬੰਗ ਸੀਸ ਹੋਵੇ ਤਿਸ ਕੇਸਾ। ਪ੍ਰਗਟੇਮਾਹਿਪੰਜਾਬ
ਆਵਣ ਪੂਰਬ ਦੇਸਾ । ਬਾਤ ਇਕੋਸੇ ਕੀ ਕਹਾਂ ਭਿਆ
ਖਾਲਸੇ ਰਾਜ। ਦਿਲੀ ਮਹਿਜਦੇ ਸਗਲ ਮੈ ਬਜੇ ਜੋੜੀ
ਆਂ ਸਾਜ। ਬਜੇ ਜੋੜੀਆਂ ਸਾਜ ਵਾਹਿਗੁਰੂ ਨਾਮ ਜਪਾਈ।

Sri Satguru Jagjit Singh Ji eLibrary NamdhariElibrary@gmail.com

ਆਨ ਭੂਪ ਸਭ ਛਪੇ ਜਥਾ ਸਿੰਘ ਮਗਾਈ। ਕਹਿਤ ਸਾਧ ਸਰਬੰਗ ਪਾਪਕੀ ਭਾਗੀ ਰਾਤ। ਚੜ੍ਹਿਆ ਧਰਮ ਕਾ ਸੂਰ ਇਕੀਸੇ ਸਾਚੀ ਬਾਤ॥

ਲੇਸੂਨ ਪ੍ਰੇਮਸੁਮਾਰਗਮੇ ਲਿਖਾਹੈ ਸੋ ਸੁਣ। ਕਈਗੁਰੂ ਸਦਾਵੇਂਗੇ ਓ ਨਾ ਮੰਨੇਗੇ ਤਬ ਮਰਦ ਕਾ ਚੇਲਾਉਠੇ ਹਿੰਦੂ ਮੁਸਲਮਾਨ ਹੋਰ ਕੇਈ ਪੰਥ ਝੂਠ ਕਮਾਵਣ ਵਾਲੇ ਸੋ ਸਭ ਕਾ ਨਾਸ ਕਰੇਗਾ ਸਚ ਦਿ ਏਗਾ ਅਰ ਓਹੀ ਜੋ ਮਰਦ ਕਾ ਚੇਲਾ ਰਖਿਆ ਅਪਨੇ ਖਾਲਸੇਕੇ ਵਾ ਸਤੇ ਉਠੇਗਾ ਸੋ ਉਸ ਵਿਚ ਸਭ ਬਰਕਤ ਆਪਨੇਪ੍ਰਗਾਸ ਕੀ ਬੰਦਗੀ ਤਰੀਫ ਗੁਰਿਆਈ ਕੀ ਬਖਸ਼ੀਏਗੀ ਜੋ ਅਗੇ ਪ੍ਰਗਾਸ ਨਹੀਂ ਹੋਆ ਪਰ ਗੁਰੂ ਸਦਾਇਗਾ ਸੰਤ ਖਾਲਸੇਕੀ ਰਖਿਆ ਵਾਸਤੇ ਜੁਗ ਬਦਲੇਗਾ ਪ੍ਰਗਾਸ ਹੋਵੇ ਗਾ ਦੀਵਾਨ ਲਗੇਗਾ ਸਤਿਜੁਗ ਵਰਤੇਗਾ ਸਿਰ ਪਾਣੀ ਏਗਾ ਸੋ ਸੰਤ ਖਾਲਸਾ ਇਹੀ ਹੈ ਪਾਣੀ ਇਹੀ ਸਿਖ ਪਾਉਂਦੇ ਹਨ ਏਸੇ ਗੁਰੂਨੇ ਪਾਇਆ ਅਰ ਪੁਆਇਆ ਮਤ ਲਬ ਏਹ ਹੈ ਕਿ ਸਿਖਾਂ ਨੂੰ ਸਣੇ ਕੇਸੀ ਅਸ਼ਨਾਨ ਕਰਾ ਇਆ ਅਰ ਆਪ ਕੀਤਾ ਸੋ ਸੰਤ ਖਾਲਸਾ ਗੁਰੂ ਰਾਮ ਸਿੰਘ ਕੀਤਾ ਹੋਰ ਤਾਂ ਸੰਤ ਖਾਲਸਾ ਕਹਾਉਂਦੇ ਹੀ ਨਹੀਂ ਬਈ ਹੋਰਤੇ ਘਟ ਜਾਵੇ ਇਹੋ ਏਥੇ ਹੀ ਘਟਦਾ ਹੈ ਹੋਰ ਤਿੰਨ ਗੁਣ ਘਟ ਜਾਣ ਜਿਸ ਵਿਚ ਸੋਭੀ ਗੁਰੂ ਹੋ ਸਕਦਾ ਹੈ ਬ੍ਰਹਮ ਨੇਸ਼ਟੀ ਬ੍ਰਹਮ ਬਕਤਾ ਬ੍ਰਹਮ ਸਰੋ ਤ੍ਰੀ। ਸੋ ਗੁਣ ਗੁਰੂ ਰਾਮਸਿੰਘ ਮੇਂ ਅਵਸ ਹੀ ਘਰਦੇ ਸੇ

ਮਾਲਵੇ ਵਿਚ ਸੀਨੀਆਲ ਦਰਵਾਜੇ ਦੇ ਮੂਹਰੇ ਗੌਂਦਾਸੀ ਢੱਡ ਸਾਰੰਗੀ ਨਾਲ ਸੋ ਕੰਨ ਪੈਣੇ ਸੇ ਪਿਛੋਂ ਦੀ ਕੰਧ ਪਾੜਕੇ ਅੰਦਰ ਵੜੇ ਸੀ ਸੋ ਇਹ ਲਛਣ ਘਟੇ ਗੁਰੂ ਹੋਆ ਜਥਾ ਕਹੁ ਨਾਨਕ ਸੋਈ ਨਰ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥ ਪੁਨਾ ਸਤਿਪੁਰਖ ਜਿਨ ਜਾਨਿਆ ਸਤਿਗੁਰੁ ਤਿਸ ਕਾ ਨਾਉ ਪੁਨਾ ਜਿਸ ਮਿਲਿਆਂ ਮਨ ਹੋਏ ਅਨੰਦ ਸੋ ਸਤਿਗੁਰ ਕਹੀਏ ਪੁਨਾ ਘਰ ਮੇ ਘਰ ਦਿਖਾਇ ਦੇ ਸੋ ਗੁਰੂ ਹਮਾਰਾ॥ ਏ ਲਛਣ ਗੁਰੂ ਰਾਮ ਸਿੰਘ ਵਿਚ ਅਵਸ ਹੀ ਘਟਦੇ ਹਨ

ਸ਼ੰਕਾ ॥ ਅਸੀ ਤਾਂ ਦਸਾਂ ਗੁਰਾਂ ਤੋਂ ਬੰਦ ਸੁਣਦੇ ਹਾਂ ਸਾਡਾ ਤਾਂ ਨਿਹਚਾ ਏਥੇ ਗਹਾਂ ਨਹੀਂ ਮੰਨਦੇ ਹਾਂ ਦਸਾਂ ਗੁਰਾਂ ਪੀੜ੍ਹੀ ਬੰਦ ਹੋਈ। ਉਤ੍ਰ-ਸ੍ਰੀ ਮੁਖਵਾਕ ਸ੍ਰੀ ਰਾਗ॥ ਹਰਿ ਜੁਗਹਿ ਜੁਗੋ ਜੁਗ ਜੁਗਹਿ ਜੁਗੋ ਸਦ ਪੀੜ੍ਹੀ ਗੁਰੂ ਚਲੰਦੀ। ਜੁਗ ਜੁਗ ਪੀੜ੍ਹੀ ਚਲੈ ਸਤਿਗੁਰ ਕੀ ਜਿਨੀ ਗੁਰਮੁਖ ਨਾਮੁ ਧਿਆਇਆ। ਦੇਖ ਭਾਈ ਗੁਰੂ ਕੀ ਲਿਖਦਾ ਹੈ ਤੂੰ ਕੀ ਸਮਝੀ ਬੈਠਾ ਹੈਂ ਇਸ ਹਠ ਨੂੰ ਛੱਡ ਗੁਰੂ ਕਾ ਸਿਖ ਬਣ।

ਸ਼ੰਕਾ ॥ ਸਿਖ ਗੁਰੂ ਨਹੀਂ ਬਣ ਸਕਦਾ ॥ ਉਤ੍ਰ। ਜਥਾ ॥ ਆਸਾ ਮ: ੪ ॥ ਗੁਰੂ ਸਿਖ ਸਿੱਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ॥ ਪੁਨਾ। ਹਰਿ ਕਾ ਸੰਤ ਸਤਿਗੁਰ ਸਤਿ ਪੁਰਖਾ ਜੋ ਬੋਲੇ ਹਰਿ ਹਰਿ ਬਾਨੀ। ਪੁਨਾ। ਇਸ ਪਦ ਜੋ ਅਰਥਾਏ ਲੇ ਸੋ ਗੁਰੂ ਹਮਾਰਾ। ਹੋਰ ਭਾਈ ਗੁਰਦਾਸ ਜੀ ਲਿਖਦੇ ਹਨ। ਗੁਰ ਚੇਲਾ ਚੇਲਾ ਗੁਰ ਹੋਈ। ਪੁਨਾ। ਗੁਰਮੁਖਿ ਸਿਖ ਗੁਰੂ ਗੁਰ ਚੇਲਾ। ਪੁਨਾ। ਗੁਰਸਿਖ

Sri Satguru Jagjit Singh Ji eLibrary NamdhariElibrary@gmail.com

ਸਿਖ ਗੁਰ ਹੋਇ ਅਚਰਜੁ ਦਿਖਾਇਆ ॥ ਗੁਰ ਚੇਲਾ ਚੇ-ਲਾ ਗੁਰ ਹੋਈ ॥ ਕਬਿਤਾਂ ਮੇਂ ॥ ਗੁਰ ਸਿੱਖ ਪ੍ਰੇਮ ਨੇਮ ਗੁਰ ਸਿਖ ਸਿਖਗੁਰ ਸੋਹੰਸੋਬੀਸ ਇਕਈਸ ਉਰ ਆਨੇ ਹੈ ਪੁਨਾ। ਕਬੀਰ ਪੂਗੁੜਾ ਰਾਮ ਅਲਹਕਾ ਸਭੁ ਗੁਰੁ ਪੀਰੁ ਹਮਾਰੇ। ਕਬੀਰ ਸਾਹਿਬ ਕਹਿੰਦੇ ਹਨ ਰਾਮ ਕਾ ਅਲਾਹਕਾ ਬੇਟਾ ਹਾਂ ਸਬ ਪੀਰ ਗੁਰੂ ਹਨ ਮੇਰੇ। ਤੁਸੀਂ ਦਸਾਂਕੇ ਮੰਨੀ ਜਾਓ ਜਾਂ ਬਾਣੀ ਕੱਢ ਦਿਓ। ਦੇਖ ਭਾਈ ਗੁਰੂ ਅੰਗਦ ਗੁਰੂ ਅਮਰ ਦਾਸ ਹੋਰ ਸਭੇ ਗੁਰੂ ਸਿੱਖੋਂ ਗੁਰੂ ਹੋਏ। ਪੁਨਾ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ। ਤਿਸ ਕੈ ਸੰਗਿ ਸਿਖੁ ਉਧਰੈ ਨਾਨਕੁ ਹਰਿਗੁਣ ਗਾਉ ॥ ਪੁਨਾ। ਜਿਸ ਮਿਲਿਐ ਮਨ ਹੋਇ ਅਨੰਦੁ ਸੋ ਸਤਿਗੁਰ ਕਹੀਏ। ਮਨਕੀ ਦੁਬਿਧਾ ਬਿਨਸਜਾਏ ਹਰਿ ਪਰਮ ਪਦ ਲਹੀਏ। ਲਖਣ ਸਤਿਗੁਰਾਂ ਨਹੀਂਸੇ ਸੇ ਤਾਂ ਗੁਰੂ ਹੋਆ। ਲੈ ਹੋਰ ਸੁਣ ॥ ਕਬੀਰ ਸਤਿਗੁਰੁ ਸੂਰਮੇ ਬਾਹਿਆ ਬਾਣੁ ਜੁ ਏਕੁ। ਲਾਗਤ ਹੀ ਭੁਇ ਮਿਲ ਗਇਆ ਪਰਾ ਕਲੇਜੇ ਛੇਕੁ। ਸੋ ਗੁਰੂ ਰਾਮ ਸਿੰਘ ਨੇ ਕਲੇਜੇ ਛੇਕ ਪਾਇ ਧਰਤੀ ਤੇ ਸਿਟੇ ਕਬੀਰਦਾ ਕਹਿਣਾ ਸਤਿਗੁਰੂ ਰਾਮਸਿੰਘ ਨੇ ਪੂਰਾ ਕੀਤਾ। ਸੁਰਾ ਮਾਸ ਹੁੱਕਾ ਅੰਦਰਲੀ ਸਟ ਲਗੀ ਸਾਈਂ ਕਦੇ ਨਹਾਂ ਹਟ ਸਕਦੇ ਸੋ ਗੁਰੂ ਰਾਮਸਿੰਘ ਨੇ ਹ-ਟਾਏ। ਅੱਖੀਂ ਆਪਣੀ ਦੇਖ ਲਵੋ ॥

ਸ਼ੰਕਾ ॥ ਸ਼ਕਤੀ ਵਾਲਾ ਤੋ ਹੈ ਗੁਰੂ ਨਹੀਂ ਗੁਰੂ ਗੋ-ਬਿੰਦਸਿੰਘ ਦਸ ਗਏ ਕਿ ਥੋੜਾ ਗੁਰੂ ਗ੍ਰੰਥ ਸਾਹਿਬ ਹੋਆ



Sri Satguru Jagjit Singh Ji eLibrary NamdhariElibrary@gmail.com

ਜੈਥਾ ਗੁਰੂ ਗ੍ਰੰਥਕੋ ਮਾਨੀਏ ਪ੍ਰਗਟ ਗੁਰਾਂ ਦੀ ਦੇਹ। ਜਿਨ
ਕਾ ਹਿਰਦਾ ਸੁਧ ਹੈ ਖੋਜ ਸ਼ਬਦ ਮੇਂ ਲੇਇ। ਕਿ ਗੁਰੂ
ਗ੍ਰੰਥ ਗੁਰੂਹੈ ਜਿਨਕਾ ਹਿਰਦਾ ਸੁਧ ਹੋਊ ਸੋ ਖੋਜ ਲਊ।
ਉਤ੍ਰ-ਪੈਹਲੇ ਤਾਂ ਇਹ ਵਾਕ ਆਦਿ ਗ੍ਰੰਥ ਸਾਹਿਬ ਕਾ ਨਾ
ਦਸਮ ਕਾ ਹੈ ਨਾ ਭਾਈ ਦੀ ਬਾਣੀ ਦਾ ਹੈ ਏਹ ਕਿਸੇ ਬੁਧ
ਵਾਨ ਕਾ ਕਥਨ ਹੈ ਤਾਂਤੇ ਮਾਨਨੀਕ ਨਹੀਂ ਹੋ ਸਕਦਾ ਮੈ
ਪੁਛਦਾ ਅਕਲ ਕੇ ਭੰਡਾਰਿਓ ਪਾਠ ਹੈ ਖੋਜ ਸ਼ਬਦ ਮੈ ਲੇ
ਸੋ ਖੋਜਕੇ ਕੀ ਲਵੇ ਜੋ ਸਿਖੀ ਕਹੋ ਜਾਂ ਮੋਖ ਕਹੋ ਪਿਛੇ
ਇਹ ਪਰਸੰਗ ਨਹੀ ਹੈ ਪਰਸੰਗ ਗੁਰੂਦਾ ਹੈ ਸੋ ਇਸਮੇ
ਸਮਝੋ ਕੀ ਨਿਕਲਦਾ ਹੈ ਇਸਕਾ ਅਰਥ ਇਹ ਹੈ ਗੁਰੂ
ਸਾਹਿਬਨੇ ਕਿਹਾ ਕਿ ਅਬ ਥੋੜਾ ਗੁਰੂ ਗ੍ਰੰਥ ਹੋਇਆ ਕਿ
ਗੁਰੂ ਕੀਤਾ ਪਿਛੇ ਇਸਕੋ ਖੋਜਕੇ ਗੁਰਿਆਈ ਲੇਵੇਗਾ।
ਲੇ ਦਾ ਅਰਥ ਏਹੀ ਹੈ ਕਿ ਗੁਰਿਆਈ ਲੇਜਾਊ ਸੋ ਹਿਰਦੇ
ਸੁਧ ਵਾਲਾ ਗੁਰੂ ਬਾਲਕ ਸਿੰਘ ਹੋਏ ਗੁਰਿਆਈ ਲਈ
ਹਿਰਦਾ ਸੁਧਕੇ ਸਾਥ ਕਿ ਗ੍ਰੰਥ ਸਾਹਿਬ ਕੇ ਗਿਆਨੀ
ਸਾਧਨਾ ਐਸੀ ਸੀ ਦੋਵਜੇ ਰਾਤ ਦੇ ਜਾਗਣਾ ਸਣੇ ਕੇਸੀ
ਅਸ਼ਨਾਨ ਕਰਕੇ ਭਜਨ ਕਰਨਾ ਆਲਸ ਔਣੇ ਤੇ ਕੇਸ
ਛਤ੍ਰਣ ਸਾਥ ਬੰਨ ਦੇਣੇ ਬੜੀ ਚਿਤੰਨਗੀਰੀ ਸਾਥ ਭਜਨ
ਕਰਨਾ ਕਈ ਸਾਲ ਭਜਨ ਕੀਤਾ ਅਕਾਲਪੁਰਖ ਪ੍ਰਗਟ
ਆਪ ਹੋਕੇ ਹੁਕਮ ਦਿਤਾ ਕਿ ਤੁਸੀ ਦੁਨੀਆਂ ਕੋ ਭਜਨ
ਦੇਵੋ ਕਈ ਸਾਲ ਭਜਨ ਨਹੀਂ ਦਿਤਾ ਸੋ ਕਈਵਾਰੀ ਪ੍ਰ-
ਗਟ ਹੋਕੇ ਕਹਾ ਤਾਂ ਭਜਨ ਦੇਣ ਲਗੇ ਸੇ॥

Sri Satguru Jagjit Singh Ji eLibrary NamdhariElibrary@gmail.com

ਸ਼ੰਕਾ ॥ ਮਨੁਖ ਨੂੰ ਗੁਰੂ ਨਹੀਂ ਮੰਨਦੇ। ਉਤ੍ਰ-ਹੋਰ ਬੋਲਕੋ ਮੰਨੋਗੇ ਸ਼ਾਬਾ ਅਕਲ ਦੇ ਪੂਰੇ। ਦਸੋ ਗੁਰੂ ਮਨੁਖ ਨਹੀਂ ਸੇ ਖਾਂਦੇ ਪੀਂਦੇ ਨਹੀਂ ਸੇ ਕਿ ਦੁਖ ਸੁਖ ਨਹੀਂ ਭੋਗਿਆ। ਭੋਗਿਆ ਤਾਂ ਮਨੁਖ ਬਣੇ ਜਥਾ ਦੁਖ ਸੁਖ ਦੋ ਦਰ ਕਪੜੇ ਪਹਿਰੇ ਜਾਇ ਮਨੁਖ ॥

ਸ਼ੰਕਾ ॥ ਬਾਣੀ ਗੁਰੂ ਹੈ ਗੁਰੂ ਲਿਖਦਾ ਹੈ ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥ ਗੁਰੁ ਬਾਣੀ ਕਹੈ ਸੇਵਕ ਜਨ ਮਾਨੇ ਪਰਤਖ ਗੁਰੂ ਨਿਸਤਾਰੇ॥ ਇਸ ਤੇ ਗੁਰੂ ਗ੍ਰੰਥ ਸਾਹਿਬ ਹੋਇਆ। ਅਖਰੀ ਅਰਥ ਏਹ ਹੈ ਬਾਣੀ ਗੁਰੂ ਗੁਰੂ ਹੈ ਬਾਣੀ ਕਿ ਬਾਣੀ ਨਾਮ ਬਚਨ ਕਾ ਹੈ ਕਿ ਗੁਰੂ ਅਰ ਬਚਨ ਓਹ ਕਹਿੰਦੇ ਹਨ ਸਰਗੁਣ ਹੋਕੇ ਕਿ ਜਾ ਬਾਏ ਬੋਲਣਾ ਦੇਹ ਅਰ ਬਚਨ ਏਕ ਹੋਕੇ ਕਹਿਣਾ ਕਿ ਦੇਹ ਹੋਰ ਬਚਨ ਹੋਰ ਐਸੇ ਨਹੀਂ ਆਪਣੀ ਦੇਹ ਤੇ ਪਟਾਕੇ ਕਹਿਣਾ ਸਾਰੇ ਬਚਨ ਮੇ ਅੰਮ੍ਰਿਤ ਹੁੰਦਾ ਹੈ ਜਥਾ 'ਅੰਮ੍ਰਿਤ ਰੂਪੀ ਬਚਨ ਕਹਿ ਤਿਹੂ ਤਾਪ ਹਰਿ ਲੇਤ" ਬਾਣੀ ਕਹੇ ਸੇਵਕ ਜਨ ਮਾਨੇ ਬਚਨ ਕਹਿੰਦੇ ਹਨ ਸੇਵਕ ਮਾਨੇ ਪ੍ਰਤੱਖ ਹੁੰਦੇ ਹਨ ਦੇਹਧਾਰੀ ਸੋ ਤਾਰ ਦਿੰਦੇ ਹਨ ਮਿਹਰ ਹੋਕੇ ਜਥਾ ਮਹਾਂ ਪੁਰਖਾਂ ਦਾ ਬੋਲਣਾ ਹੋਵੈ ਕਿਸੇ ਪ੍ਰਬਾਏ ॥ ਸਾਖੀ ਮਹਾਂਪੁਰਖ ਬੋਲਦੇ ਸਾਂਝੀ ਸਗਲ ਜਹਾਨੈ। ਗੁਰੂ ਹਰਿ ਰਾਇ ਹਰਿਕ੍ਰਿਸ਼ਨ ਜੀ ਓਨਾਂ ਕੋਈ ਬਾਣੀ ਨਹੀਂ ਉਚਾਰੀ ਓਨਾਂ ਦਾ ਬੋਲਣਾ ਹੀ ਬਾਣੀ ਸੀ ॥

ਸ਼ੰਕਾ ॥ ਗੁਰੂ ਗ੍ਰੰਥ ਵਿਚ ਬੀ ਲਿਖਾ ਹੈ ਤਾਂ ਠੀਕ ਸਮਝਿਆ

Sri Satguru Jagjit Singh Ji eLibrary NamdhariElibrary@gmail.com

ਜਾਏ॥ ਉਤ੍ਰ ॥ਤਿਸ ਵਿਚ ਭੀ ਸੁਣੋ ॥ ਸੂਹੀ ਰਾਗਮੇ ਲਿਖਾ ਹੈ ਸੋ ਸੁਣੋ । ਪਹਿਲੇ ਅਬਚਲ ਨਗਰ ਕਾ ਹਾਲ ਫੇਰ ਰਾਮਦਾਸ ਪੁਰੇਕਾ ਹਾਲ ਜਥਾ ਘਰ ਮੰਦਰ ਹਟ ਨਾਲੇਸੋਹੇ ਜਿਸਵਿਚ ਨਾਮ ਨਿਵਾਸੀ ਰਾਮ। ਸੰਤ ਭਗਤ ਹਰਿਨਾਮ ਅਰਾਧੇ ਕਟੀਏ ਜਮਕੀ ਫਾਸੀ ਰਾਮ। ਕਾਟੀ ਜਮ ਫਾਸੀ ਪ੍ਰਭ ਅਬਿਨਾਸੀ ਮਿਲ ਹਰਿ ਹਰਿ ਨਾਮ ਧਿਆਇ।ਸਗਲ ਸਮੱਗਰੀ ਪੂਰਨ ਹੋਈ ਮਨ ਇਛੇ ਫਲ ਪਾਏ। ਸੰਤ ਸਜਣ ਸੁਖ ਮਾਣਹਿ ਰਲੀਆ ਦੁਖ ਦਰਦ ਭ੍ਰਮ ਨਾਸੀ। ਸਬਦ ਸਵਾਰੇ ਸਤਿਗੁਰ ਪੂਰੇ ਨਾਨਕ ਸਦ ਬਲਿਜਾਸੀ ॥ ਦੇਖ ਭਾਈ ਘਰ ਮੰਦਰ ਹਟ ਸੋਭਾ ਮਾਨ ਹੋ ਰਹੇ ਹਨ ਗੁਰੂ ਨਾਨਕ ਨੇ ਹੱਟੀ ਕੀਤੀ ਘਰ ਨਹੀਂ ਸੀ ਲਾਗ ਹੋਰ ਕਿਸੇ ਪਾਤਸ਼ਾਹੀ ਕੀਤੀ ਨਹੀਂ ਹੈ ਰਾਮਦਾਸ ਪੁਰੇ ਜਾਕੇ ਦੇਖੋ ਸੋਭ ਰਹੇ ਹਨ ਤਾਤੇ ਏਹੀ ਠੀਕ ਮਿਲਦਾ ਹੈ ਸੰਗਤ ਭੀ ਸਗਲ ਸਮੱਗਰੀ ਸਾਰੀਆਂ ਜਾਤਾਂ ਗੁਰੂ ਰਾਮਸਿੰਘ ਦੇ ਸਿਖ ਹੋਏ ਬੈਰੀਏ ਹੋਰ ਕਿਸੇ ਪਾਤਸ਼ਾਹੀ ਦੇ ਸਿਖ ਨਹੀਂ ਹੋਏ ਤਾਂਤੇ ਏਹੀ ਠੀਕ ਮਿਲਦਾ ਹੈ ਪ੍ਰਦੇਸ ਜਾਣੇ ਕਾ ਹਾਲ ਲਿਖਾ ਹੈ ਸੰਗਤ ਨੇ ਅਰਜ਼ਾਂ ਕਰਨੀਆਂ॥ ਧਨਾਸਰੀ ਮ:੫ ॥ ਜਿਨ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਿਜ ਸੇਤੀਘਰ ਆਓ। ਅਨੰਦ ਮੰਗਲ ਗੁਨ ਗਾਉ ਸਹਿਜ ਧੁਨ ਨਿਹਚਲ ਰਾਜ ਕਮਾਉ। ਤੁਮ ਘਰ ਆਵੋ ਮੇਰੇ ਮੀਤ। ਤੁਮਰੇ ਦੋਖੀ ਪ੍ਰਭ ਆਪ ਨਿਵਾਰੇ ਅਪਦਾ ਭਈ ਬਤੀਤ ॥ ਇਹ ਸ਼ਬਦ ਪਰਦੇਸ ਜਾਣੇਕਾ ਸੰਗਤਨੇ ਸਦਣਾ। ਪੁਨਾ ॥ ਧਨਾਸਰੀ ਮ:੫

Sri Satguru Jagjit Singh Ji eLibrary NamdhariElibrary@gmail.com

॥ ਮੇਰਾ ਲਾਗੋ ਰਾਮ ਸਿਉਂ ਹੇਤ। ਸਤਿਗੁਰ ਮੇਰਾ ਸਦਾ ਸਹਾਈ ਜਿਨ ਦੁਖ ਕਾ ਕਾਟਿਆ ਕੇਤ॥ ਸਾਹਿਬ ਕੈਂਹਦੇ ਹਨ ਮੇਰਾ ਰਾਮ ਸਿਓਂ ਹੇਤਹੈ ਸਿਖ ਕਹਿਣਗੇ। ਪੁਨਾ॥ ਗੁਰੂ ਸਾਹਿਬ ਨੇ ਪਰਦੇਸ ਜਾਣੇ ਦਾ ਹਵਾਲਾ ਕਹਾ ਹੈ। ਮਲਾਰ ਮਃ ੧ ॥ ਧਨੁ ਵਾਢੀ ਪਿਰ ਦੇਸ ਨਿਵਾਸੀ ਗੁਰਪੈ ਸ਼ਬਦ ਪਠਾਈ। ਗੁਣ ਸੰਗ੍ਰਹਿ ਪ੍ਰਭ ਰਿਦੇ ਸੀ ਭਗਤ ਰਤੀ ਹਰਖਾਈ। ਪ੍ਰਿਓ ਨਾਲੇ ਸਦ ਹੀ ਸਚ ਸੰਗੇ ਨਦਰੀ ਮੇਲ ਮਿਲਾਈ॥ ਧੰਨ ਹੋਣਗੇ ਬਾਡੀ ਪ੍ਰਦੇਸਵਿਚ ਨਿਵਾਸ ਕਰਨਗੇ ਸਚੇ ਗੁਰਪੈ ਸਬਦ ਭੇਜਦੇਣਗੇ ਸੋ ਐਸੇ ਹੋਆਹੈ ਗੁਰੂਹਰੀਸਿੰਘ ਪਾਸ ਸਬਦ ਏਸੇ ਤਰਾਂ ਆਇਆ ਸੀ ਪੰਜ ਸਾਲ ਮਗਰੋਂ॥ ਹੋਰ ਕੋਈ ਗੁਰੂ ਪਰਦੇਸ ਨਹੀਂ ਗਿਆ ਵਾਪੂਆਂ ਮੇਂ ਗੁਰੂ ਰਾਮ ਸਿੰਘ ਜੀ ਗਏ ਉਨਾਂ ਦੇ ਪ੍ਰਥਾਇ ਭਵਿਖਤ ਸਬਦੁ ਗੁਰੂ ਹਿਬ ਲਿਖਦੇ ਹਨ ਮਗਰੋਂ ਸਿਖਾਂ ਦਾ ਜਾਣਾ॥ ਜਬ॥ ਮੁੰਦ ਸਾਗਰ ਹੋਵੈ ਅਤਿ ਖਾਰਾ ਗੁਰੁ ਸਿਖ ਲੰਘ ਗੁਰੂ ਪੈ ਜਾਈ। ਗੁਰੂ ਨਾਨਕ ਗਏ ਮਗਰ ਸਿਖ ਨਹੀਂ ਗਏ। ਤਾਂਤੇ ਸਤਿਗੁਰਾਂ ਮਗਰ ਸਿਖ ਗਏ ਹਨ ਸੱਤ੍ਰਾਂ ਦੇ ਕਰੀਬ ਹੋਰ ਪਰਦੇਸ ਜਾਣੇ ਪਿਛੇ ਸਿਖਾਂ ਪ੍ਰਤੀ ਕਹਾ ਕਿ ਐਸੇ ਸਿਖ ਕਹਿਣਗੇ॥ ਤੁਖਾਰੀ ਮਃ ੧॥ ਸਾਜਨ ਦੇਸ ਬਿਦੇਸੀਅੜੇ ਸਾਨੇਹੜੇ ਦੇਦੀ। ਸਾਰ ਸਮਾਲੇ ਤਿਨਸਜਣਾ ਮੁੰਧ ਨੈਨ ਭਰੇਂਦੀ। ਪੁਨਾ। ਪ੍ਰਿਅ ਘਰੁ ਨਹੀਆਵੈ ਮਰੀਏ ਹਾਵੈ ਦਾਮਨੁ ਚਮਕ ਡਰਾਵੈ॥ ਪਿਰੁ ਪਰਦੇਸ ਏਹੀ ਗਿਆ।

ਸੰਗਤ ਵਰਲਾਪ ਕਰ ਰਹੀ ਹੈ। ਪੁਨਾ। ਜਿਨ ਮਾਨਸਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ। ਆਪ ਦੇਖੋ ਅੰਮ੍ਰਿਤ ਸਾਜਦੇ ਪੰਜ ਜਾਂ ਛੇ ਘੰਟੇ ਲਗ ਜਾਂਦੇ ਹਨ ਡੇਰੀ ਤੇ ਬਿਨਾ ਦੇਵਤਾ ਨਹੀਂ ਕਰ ਸਕਦੇ। ਜਿਹੰ ਪਿਛਲੀ ਰੀਤੀ ਗੁਰੂ ਰਾਮ ਸਿੰਘ ਨੇ ਡੇਰੀ ਤੇ ਬਿਨਾ ਭਜਨ ਸਾਥ ਦੇਵਤੇ ਕੀਤੇ ਨਾਮੁ ਕੰਨ ਮੇਂ ਸੁਣਾਇਆ ਦੇਵਤਾ ਕੀਆ। ਪੁਨਾ। ਪਸੂ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ॥ ਪਿਛਲੇ ਗੁਰੂ ਧਰਮ ਹੇਤ ਸਾਰੇ ਕੰਮ ਕਰਦੇ ਆਏ ਸੀਸ ਦਿੱਤੇ ਕਸ਼ਟ ਸਹਾਰੇ॥ਸੋ ਇਹ ਬੀ ਗੁਰੂ ਰਾਮ ਸਿੰਘ ਨੇ ਕੰਮ ਐਸਾ ਹੀ ਕੀਤਾ ਸੀਸ ਦੇਣਾ ਜਿਲ੍ਹਾ ਬਤਨ ਏਕੋ ਜੈਸਾ ਹੈ ਪਿਛਲੇ ਸਿੰਖਾਂ ਸੀਸ ਦਿੱਤੇ ਧਰਮ ਹੇਤ ਸੋ ਭੀ ਗੁਰੂ ਰਾਮ ਸਿੰਘ ਦੇ ਉਪਦੇਸ਼ੀ ਸਿਖਾਂ ਨੇ ਦਿੱਤੇ ਆਪ ਬਿਚਾਰਕੇ ਦੇਖ ਸਕਦੇ ਹੋ ਬਾਧਾ ਘਾਟਾ ਹੋਰ ਸਬਦ ਪੜਨੇ ਢੋਲਕੀ ਸਾਥ ਕੁੱਲ ਸਾਰੇ ਪ੍ਰਚਲਤ ਹੈ ਸੋਭੀ ਗੁਰੂ ਰਾਮਸਿੰਘ ਦੀ ਕ੍ਰਿਪਾ ਹੈ ਓਨਾਂਹੀ ਤੋਰੇ ਹਨ॥

ਸ਼ੰਕਾ ॥ ਪਿਛਲੇ ਗੁਰੂ ਪੰਜ ਟਕੇ ਇਕ ਨਾਲਿਯੇਰ ਮੱਥਾ ਟੇਕ ਗੁਰੂ ਕਰਦੇ ਸਨ॥ ਉਤ੍ਰ-ਗੁਰੂ ਤੇਗ ਬਹਾਦੁਰ ਨੂੰ ਸ੍ਰੀ ਹਰਿਕ੍ਰਿਸ਼ਨ ਜੀਨੇ ਗੁਰਿਆਈ ਦਿੱਤੀ ਟਕੇ ਅਰ ਨਾਲੀਏਰ ਕੋਈ ਨਹੀਂ ਰਖਿਆ। ਤਾਂਤੇ ਕੈਸੇ ਗੁਰੂ ਤੇਗ ਬਹਾਦਰ ਗੁਰਿਆਈ ਪਾਈ॥ ਪੁਨਾ॥ ਗੁਰੂਨਾਨਕ ਜੀਕੇ ਅੱਗੇ ਕਿਸਨੇ ਪੈਸੇ ਨਾਲੀਏਰ ਰਖਿਆ ਸੀ ਜੋ ਓਨਾ ਐਮੇਂ ਪਾ ਲਈ ਤਾਂ ਗੁਰੂ ਰਾਮਸਿੰਘ ਅਵਸ ਹੀ ਪਾ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਕਰਤਾਰੀ ਹੁਕਮ ਹੀ ਗੁਰਿਆਈ ਹੈ।ਨਲੀਅਰ ਟਕੇ ਪੁਜਾਰੀਆਂ ਕੇ ਅੱਗੇ ਬਹੁਤ ਪਏ ਹਨ ਉਨਕੋ ਗੁਰਿਆਈ ਕਿਉਂ ਨਹੀਂ ਮਿਲਤੀ ? ਤਾਂਤੇ ਟਕੇ ਨਲੀਅਰ ਗੁਰਿ-ਆਈ ਨਹੀਂ ॥

ਸ਼ੰਕਾ ॥ ਦਸਾਂ ਸੇ ਬਾਦ ਉਤਾਰ ਨਹੀਂ ਹੋਣਾ ਏਹੀ ਸੁਣਦੇ ਹਾਂ। ਉਤ੍ਰ-ਸ੍ਰੀਮੁਖਵਾਕ॥ ਜਬ ਜਬਹੋਤ ਅਰਿਸ਼ਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ॥ ਦ੍ਰਿਸ਼ਟਾਂਤ ॥ ਜਬ ਚੋਰ ਹੋਵੇ ਪੁਲਸ ਕੀ ਅਵੱਸਹੀ ਜਰੂਰਤ।ਚੋਰ ਨਾ ਹੋ ਪੁਲਸ ਭੀ ਨਾ ਹੋ॥ ੨੯ਸਾਖੀ ਇਕ ਬਡੀਲੀਲੋ ਸਾਧੂ ਸੀ ਪ੍ਰਾਣਾਜਾਮੀ੩੦੦ਬਰਸਦੀ ਉਮਰਸੀ।ਗੁਰੂਰਾਮਸਿੰਘਉਸ ਕੇ ਪਾਸ ਗਏ ਸੀ ਸਤਿਗੁਰਾਂ ਕਹਾ ਸੰਤੋ ! ਤੁਸੀ ਗੁਰੂ ਗੋਬਿੰਦ ਸਿੰਘ ਜੀ ਦੇਖੇ ਹਨ ਤਾਂ ਗੁਰੂ ਰਾਮ ਸਿੰਘ ਵਲੀ ਦੇ-ਖਕੇ ਕਹਿਣੇ ਲੱਗੇ ਬਨਿਸਤ ਤੁਸਾਂ ਹੋ, ਓਹੀ ਸਰੂਪਹੋ॥

ਸ਼ੰਕਾ ॥ ਗੁਰੂ ਗ੍ਰੰਥ ਸਾਹਿਬ ਬਿਨਾ ਜਾਂ ਦਸੋਂ ਪਾਤ ਸ਼ਾਹੀਆਂ ਬਾਹਜੋਂ ਗੁਰੂ ਕਹਿਣਾਂ ਮਹਾਂ ਦੋਸ਼ ਹੈ। ਉੱਤ੍ਰ-- ਗੁਰੂ ਅਰਜਨ ਸਾਹਿਬ ਮੋਹਣ ਦੇ ਪਾਸ ਪੋਥੀਆਂ ਲੈਣ ਗਏ ਸੀ ਓਥੇ ਮੋਹਣ ਨੂੰ ਗੁਰੂ ਕਹਿੰਦੇ ਹਨ ਗਉੜੀਰਾਗ ਮੇਂ ਜਥਾ। ਬੇਅੰਤ ਗੁਣ ਤੇਰੇ ਕਥੇ ਨਾ ਜਾਹੀ ਸਤਿਗੁਰ ਪੁਰਖ ਮੁਰਾਰੇ ॥ ਗੁਰ ਅਰਜਨ ਸਾਹਿਬ ਮੋਹਣ ਕੋ ਗੁਰੂ ਕਹਿੰਦੇ ਹਣ ਤਾਂਤੇ ਗੁਰੂ ਅਰਜਨ ਸਾਹਿਬ ਦੋਸ਼ ਕੇ ਭਾਗੀ ਬਣੇ ਸੋ ਆਪ ਗੁਰੂ ਅਰਜਨ ਸਾਹਿਬ ਕੋ ਗੁਰੂ ਕਹਿਣਾ ਮਹਾ ਦੋਸ਼ ਹੈ ਉਨਕੀ ਬਾਣੀ ਬੀ ਨਾ ਮੰਨੋਂਗੇ।ਹਠੀ ਲੋਕੋ

12

ਬਿਚਾਰ ਸੇ ਬਾਣੀ ਪੜ੍ਹਿਆ ਕਰੋ ਸਾਰੀ ਬਾਣੀ ਕਾ ਸਾਰ ਬਿਚਾਰ ਹੀ ਹੋਜਾਂ ਐਸੇ ਸੰਤਾਂ ਕੋ ਗੁਰੂ ਅਰਜਨ ਸਾਹਿਬ ਗੁਰੂ ਕਹਿ ਦੇਣ ਤਾਂ ਹੋਰਨਾ ਕੋ ਕੈਸੇ ਦੋਸ਼ ਆ ਸਕਦਾ ਹੈ ਜਿਸ ਵਿਚ ਗੁਰੂ ਪਦਵੀ ਕੇ ਲਖਣ ਹੋਣ ਉਨਕੋ ਗੁਰੂ ਨਾ ਕਹੈ ਤਾਂ ਮਹਾ ਦੋਸ਼ ਹੁੰਦਾ।ਗੁਰੂ ਰਾਮਸਿੰਘ ਵਿਚ ਅਵਸ ਹੀ ਗੁਣ ਘਟਦੇ ਹਨ ਜੇ ਗੁਰੂ ਨਾ ਕਹੇਂਗੇ ਤਾਂ ਅਵੱਸ ਹੀ ਦੋਸ਼ ਕੇ ਭਾਗੀ ਬਣ ਜਾਏਂਗੇ ॥ ਪੁਨਾ ॥ ਦਤਾਤ੍ਰੇਓ ਚੌਵੀ ਗੁਰੂ ਧਾਰੇ ਇੱਲ ਆਦਕ ਇਕ ਇਕ ਗੁਣ ਸੇ ਸੋ ਦਤਾਤ੍ਰਿਓ ਕੋ ਦੂਸ਼ਣ ਨਹੀਂ ਹੋਆ ਬਲਕਿ ਨਾਮੁ ਜ਼ਾਹਰ ਹੈ। ਯਥਾ।ਗੁਰ ਦੇਵ ਮਾਤਾ ਗੁਰਦੇਵ ਪਿਤਾ ਇਤਿ ਆਦਕ ਗੁਰੂ ਪਰਸਿੱਧ ਗੁਰ ਬਾਣੀ ਸੇ ਹਨ । ਸਤਿ ਗੁਰੂ ਰਾਮ ਸਿੰਘ ਅਮੋਲਕਨਾਮ ਦੇਣੇ ਬਾਲੇ ਅਵੱਸਹੀਹੋ ਸਕਦੇਹਨ॥

ਸਾਖੀ ਮਾਲਵੇ ਦੇਸਮੇ ਸੈਦੋ ਪਿੰਡ ਪਿਛਲੀ ਸਾਖੀ ਹੈ ਸਾਧੂ ਸੀ ਬੜੇ ਮਹਾਤਮਾ ਸੇ ਤਿਨਾਂ ਵਿਚ ਅਗੰਮਤਾ ਸੀ ਲੜਕੇ ਪੜ੍ਹਾਏ ਕਰਦੇ ਸੇ ਲੜਕਿਆਂ ਨੂੰ ਸ਼ੌਕ ਹੋਗਿਆ ਕਿ ਗੁਰੂ ਧਾਰਣਾ ਅੱਛਾ ਹੈ ਗੁਰੂ ਬਿਨਾ ਗਤ ਨਹੀਂ ਹੈ ਲੜ ਕੇ ਕਹਿਣ ਲਗੇ ਸਾਨੂੰ ਅੰਮ੍ਰਿਤ ਜਾਂ ਚਰਨ ਘੋਲ ਛਕਾਓ ਸੰਤਾਂ ਅੰਤਰ ਧਿਆਨ ਹੋਕੇ ਦੇਖਿਆ ਕਿ ਸਚਾਗੁਰੂ ਅਮ੍ਰਿਤ ਛਕੌਣੇ ਵਾਲਾ ਆ ਰਹਾ ਹੈ ਸੋ ਸਿਖਾਂ ਪ੍ਰਤਿ ਕਹਾ ਤੁਸੀ ਧੀਰੇ ਹੋਵੋ ਸਤਿਗੁਰੂ ਰਾਮਸਿੰਘ ਅੰਮ੍ਰਿਤ ਛਕੌਣੇ ਵਾਲਾ ਤੁਬੇ ਆ ਜਾਏਗਾ। ਸੋ ਸਤਿਗੁਰ ਰਾਮਸਿੰਘ ਅਮ੍ਰਿਤਸਰ ਹੋਕੇ ਫੇਰ ਮੁਕਤਸਰ ਹੋਕੇ ਮਾਲਵੇ ਦੌਰਾ ਕਰਦੇ ਆਏ

Sri Satguru Jagjit Singh Ji eLibrary NamdhariElibrary@gmail.com

ਅਗੋਂ ਸੰਤ ਜਾ ਮਿਲੇ ਦਰਸਨ ਪਰਸਨ ਕੀਤੇ ਸੰਤਕੈਹਣੇ ਲਗੇ ਕਦੇ ਦੇ ਉਡੀਕ ਰਹੇ ਹਾਂ ਕੁਲ ਸੰਗਤ ਨੂੰ ਦਰਸ਼ਨ ਦੇਵੋ ਨਾਮ ਭੀ ਸੁਨਾਓ ਨਾਮ ਸੁਣਕੇ ਸਭਦੀ ਨਿਸ਼ਾ ਹੋ ਗਈ ਭਟਕਣਾ ਹਟੀ ਸੋ ਸੰਤ ਤਾਕਤ ਵਾਲੇ ਪਹਿਲੇ ਹੀ ਜਾਣ ਲੈਂਦੇ ਹਨ ਕਿ ਹੁਣ ਔਤਾਰ ਤਾਕਤ ਵਾਲਾ ਹੋਯਾ ਹੈ ਸੋ ਇਹ ਸਾਖੀ ਸਹੀ ਕਰਦੀ ਹੈ ਸਤਿਗੁਰੂ ਜਰੂਰ ਹੈ ਸੋ ਜੋ ਤਿੰਨ ਸੌ ਸਾਖੀ ਨਹੀਂ ਮਿਲੀ ਓਨਾਂ ਮੇ ਸੁਣਾ ਹੈ ਐਸੇ ਲਿਖਾ ਕਿ ਜਦੋਂ ਸਰੰਦ ਦੇ ਵਿਚ ਸਾਹਿਬ ਫਤੇ ਸਿੰਘ ਜੀ ਸਾਹਿਬ ਜੋਰਾਵਰ ਸਿੰਘ ਜੀ ਸੀਸ ਦਿਤਾ ਗੁਰੂ ਗੋਬਿੰਦ ਸਿੰਘ ਜੀਕੋ ਪਤਾ ਮਿਲਾ ਸੀਲੋਆਣੀ ਦਸਣੇ ਵਾਲੇ ਕਹਾ ਕੋਟਲੇ ਵਾਲੇ ਨਵਾਬ ਸਾਹਿਬ ਹਾ ਦਾ ਨਾਰਾ ਮਾਰਿਆ ਕਿ ਇਹ ਦੁਧ ਚੁੰਘਣੇ ਬਚਿਆਂ ਕੀ ਬਗਾਲ਼ਾਹੈ ਬੈਰ ਹੈ ਤੋ ਗੁਰੂ ਸਾਹਿਬ ਸੇ ਹੈ ਉਸਕੋ ਕੁਛ ਕਰੋ ਉਸਸਾਬ ਵਾਹ ਨਾ ਚਲ਼ੀ ਤਾਂ ਬਚੇ ਮਾਰਨੇ ਧਰਮਕੀ ਜਾਂ ਕਾਨੂਨਕੀ ਬਾਤ ਨਹੀਂ ਯੇਹ ਸੁਣਕੇ ਗੁਰੂ ਸਾਹਿਬਾਨ ਬੋਲੇ ਉਨਕੀ ਜਲ਼ ਹਰੀ ॥

ਸ਼ੰਕਾ ॥ ਗੁਰੂ ਗ੍ਰੰਥ ਸਾਹਿਬ ਮੇ ਨਹੀਂ ਅਛੋਂ ਲਿਖਾ। ਉਤ੍ਰ-ਸਤਿਪੁਰਖ॥ ਜਿਸ ਮਿਲਿਆਂ ਮਨ ਹੋਇ ਅਨੰਦ ਸੋ ਸਤਿਗੁਰ ਕਹੀਐ। ਬਸ ਏਹੀ ਉਤ੍ਰ ਕਾਮਲ ਹੈ ਜੋ ਹੋਰ ਸਾਖੀਆਂ ਨਾ ਮੰਨਗੇ ਇਸਦੇ ਵਿਚ ਅਵੱਸ ਹੀ ਗੁਰੂ ਬਣ ਸਕਦਾ ਹੈ। ਪੁਨਾ। ਸੋ ਸਤਿਗੁਰ ਜਿਸ ਰਿਦੈ ਹਰਿ ਨਾਉ। ਤਾਤਪਰਜ ਏਹ ਹੈ ਜਿਸ ਰਿਦੇ ਨਾਮ ਹੈ ਸੋ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਬਣਗਿਆ ਇਸ ਸਬਦ ਕੇ ਅਨੁਸਾਰ ॥ ਪੁਨਾ ॥ ਪਹਿਲੇ
ਤੇ ਲਾਕੇ ਜਦੋਂ ਸਤਿਗੁਰ ਹੁੰਦੇ ਆਏ ਦੇਗ ਦਾ ਕੰਮ
ਬਰਾਬ੍ਰ ਤੋਰਦੇ ਆਏ। ਕੋਈ ਜੋਰ ਸੇ ਅਧਰਮ ਕਰੇ ਤੇਗ
ਸੇ ਹਟਾਇਆ ਬੀ ਧਰਮ ਹੇਤ ਸੀਸ ਬੀ ਦਿੱਤੇ।
ਜਥਾਂ ॥ ਦੇਗ ਤੇਗ ਜਗ ਮੈਂ ਦੋਊ ਚਲੈ। ਰਾਖ ਆਪ
ਮੁਹਿ ਅਵਰ ਨ ਦਲੈ ॥ ਸੋ ਇਸ ਸ਼ਬਦ ਅਨੁਸਾਰ ਦੇਖੋ
ਪੂਰੇ ਲਖਣ ਦੇਗ ਸਰਬ ਕੀ ਸਾਂਝੀ ਕਿਸੇ ਤੌਰ ਜੇ ਹੋਰ
ਦੇਗਾਂ ਕਹੋ ਸੋ ਸਬ ਸਾਂਝੀ ਨਹੀਂ ਹੋ ਸਕਦੀ। ਕਿਉਂਕੇ
ਮੁਸਲਮਾਨ ਛਕਣੇ ਆਇਆ ਉਸਨੇ ਦੇਖਿਆ ਸਿੰਘਸਭਾ
ਵਾਲਾ ਲੰਗਰ ਉਸਮੇਂ ਦੂਸ਼ਣ ਏਹ ਨਿਕਲ ਪਿਆ ਇਹ
ਝਟਕਾ ਛਕਦੇ ਹਨ ਓਹਭੀ ਚਲਾ ਗਿਆ। ਫੇਰ ਬਾਮਣ
ਆਇਆ ਓਸਨੇ ਦੂਸ਼ਣ ਏਹੀ ਕੱਢਿਆ ਹੋਰ ਕਿਹਾ ਸੁਰਾ
ਬਰਤਦੇ ਹੋ ਓਭੀ ਚਲਾ ਗਿਆ। ਹੋਰ ਬੈਸ਼ਨੌ ਮੱਤ ਵਾਲੇ
ਆਏ ਓਨਾਂ ਭੀ ਦੂਸ਼ਣ ਇਹੋ ਕੱਢਿਆ ਸੁਰਾ ਮਾਸ ਵਰਤ
ਦੇ ਹੋ, ਗਲ ਕਟਦੇ ਹੋ ਤਾਂਤੇ ਥੌੜਾ ਸੀਧਾ ਖਾਣਾ ਅਪਵਿਤ੍ਰ
ਹੈ ਓਭੀ ਚਲਾਗਿਆ। ਇਹ ਦੂਛਣ ਗੁਰੂ ਰਾਮ ਸਿੰਘ ਦੇ
ਲੰਗਰ ਨਹੀਂ ਨਿੱਕਲ ਸਕਦੇ ਇਸ ਤੌਰ ਸਰਬਕਾ ਸਾਂਝਾ
ਲੰਗ੍ਰ ਹੈ ਤੇਗ ਚਲੀ ਆਪਕੋ ਮਲੂਮ ਹੈ। ਦੇਗ ਤੇਗ ਜਗ
ਮੈਂ ਦੋਊ ਚਲੈ ਜਾਂ ਗੁਰੂ ਕਹਿੰਦਾ ਹੈ ਤੋਟ ਨਾ ਆਵੈ ਜਾਮੈਂ
ਜਦ ਆਮਾਂਗਾ ਦੇਗ ਚਲਾਵਾਂ ਗਾ। ਏਹ ਲਖੂਨਾਂ ਸੇ ਸਤਿਗੁਰ
ਅਵੱਸ ਹੀ ਹੋਸਕਦੇ ਹਨ। ਗੁਰੂ ਈਸੁਰ ਸਰਬਕਾ ਸਾਂਝਾ
ਹੂਆ ਹੈ ਯਥਾ ਪਵਣ ਗੁਰੂ: ਜੈਸੇ ਸਰਬ ਕੋ ਏਕ ਜੈਸੀ

ਹੈ ਪੌਣ ਬਗਤੀ ਹੈ ਤੈਸੇ ਗੁਰੂ ਹੁੰਦਾ ਹੈ॥

ਸ਼ੰਕਾ ॥ ਜੋ ਗੁਰੂ ਰਾਮ ਸਿੰਘ ਕੋ ਗੁਰੂ ਕਹਿੰਦੇ ਹੋ ਉਨਕੀ ਬਾਣੀ ਨਹੀਂ ਹੈ ਕੈਸੇ ਗੁਰੂ ਮੰਨਿਆਂ ਜਾਵੇ ਜੇ ਉਹ ਗੁਰੂ ਹੁੰਦਾ ਜਾਂ ਹੈ ਬਾਣੀ ਕਿਓਂ ਨਹੀਂ ਉਚਾਰੀ। ਉੱਤ੍ਰ-ਜੇ ਬਾਣੀ ਕਰਕੇ ਗੁਰੂ ਮੰਨੋ ਤਾਂ ਗੁਰੂ ਹਰਗੁਬਿੰਦ ਗੁਰੂ ਹਰਰਾਇ ਸ੍ਰੀ ਹਰਿਕ੍ਰਿਸ਼ਨ ਜੀ ਇਨਕੀ ਬਾਣੀ ਕਣੀਹੈ,ਤਾਂਤੇ ਇਨਾਂ ਕੋ ਗੁਰੂ ਨਹੀਂ ਮੰਨੋ ਗੇ ਤਾਂਜੇ ਬਾਣੀ ਕਰਕੇ ਗੁਰੂ ਮੰਨੋਗੇ ਤਾਂ ਜੋ ਭਗਤ ਭਟ ਸੁੰਦਰ ਆਦੀ ਸਬਦ ਜਾਂ ਬਾਣੀ ਹੈ ਉਨਕੋ ਗੁਰੂ ਮੰਨੋ ਸਾਰੀ ਬਾਣੀਹੈ ਬਾਣੀ ੫੦ ਦੀ ਹੈ ਤਾਂਤੇ ਪੰਜਾਹ ਗੁਰੂ ਹੋਏ ਦਸ ਕੈਸੇ ਹੋ ਸਕਦੇ ਹਨ ॥ ਪੁਨਾ ॥ ਤਵਾਰੀਖ ਗੁਰੂ ਛੇਵੇਂ ਦੀ ਹਿੱਸਾਰ ਰਾਮੇਂ ਭਗੀਰਥੀਏ ਆਦ ਸਿੱਖਾਂ ਨੇ ਅਰਜ ਕੀਤੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿ ਸੰਗਤ ਦੀ ਮਹਿਮਾ ਬਹੁਤ ਲਿਖੀ ਹੈ ਬਚਨ ਹੋਆ ਦੁਵਾਈਆਂ ਤੇ ਕਤਾਬਾਂ ਬੈਦੰਗੀ ਦੀਆਂ ਭਾਵੇਂ ਕਿਤਨੀਆਂ ਤਿਆਰ ਹੋਣ ਪਰ ਬੈਦ ਬਿਨਾ ਰੋਗੀ ਦਾ ਰੋਗ ਦੂਰ ਨਹੀਂ ਹੁੰਦਾ। ਸੋ ਗੁਰੂ ਜੀਦੇ ਲਾਲ ਗੁਰਮੁਖ ਸੰਤ ਅਧਕਾਰੀ ਦੇਖਕੇ ਕਰਮ ਉ-ਪਾਸ਼ਨਾ ਗਿਆਨ ਦ੍ਰਿੜ੍ਹਾਕੇ ਅਗਿਆਨ ਰੋਗਨੂੰ ਕੱਟ ਦਿੰਦੇ ਹਨ।ਜਥਾ ਭਾਈਦੀਬਾਣੀ-ਬੇਦਗ੍ਰੰਥਗੁਰਹਟਹੈ ਜਿਸਲਗ ਭਵਜਲ ਪਾਰ ਉਤਾਰਾ। ਸਤਿਗੁਰ ਬਾਝ ਨਾ ਬੁਝੀਏ ਜਿ-ਚਰ ਧਰੇ ਨਾ ਗੁਰ ਅਵਤਾਰਾ।ਸੋ ਇਸਮੇਂ ਸਿੱਧ ਹੋਆ ਗੁਰੂ ਗ੍ਰੰਥ ਬਿਨਾ ਹੋਰ ਗੁਰੂ ਉਪਦੇਸ਼ ਦੇਕੇ ਤਾਰਦਾ ਹੈ। ਗੁਰੂ



Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਨਿਰਾ ਗੁਰੂ ਨਹੀਂ ਆਪ ਬਨ ਸਕਦਾ ਗੁਰੂ ਹੋਰ ਹੈ ਬੈਦ ਦੀ ਤਰਾਂ ਦੁਆਈ ਦੇਣ ਵਾਲਾ ਹੈ ॥

ਸ਼ੰਕਾ ॥ ਗੁਰੂ ਤੋ ਹੋਇਆ ਸਾਰਾ ਪੰਥ ਤਨਖਾਹੀ ਹੋਏ ਕਿਉਂਕਿ ਪਗ ਲਹਿ ਜਾਂਦੀ ਹੈ। ਉਤ੍ਰ-ਦੋਸ਼ ਹੋਊ ਤਾਂ ਤਤ ਖਾਲਸੇ ਨੂੰ ਹੋਊ ਸੰਤ ਖਾਲਸੇ ਨੂੰ ਕੀ ਦੋਸ਼ ਜਿਨਾਂ ਭਜਨ ਕਰਨਾ ਭਜਨ ਮੇ ਅਮਲ ਬਾਹਲਾ ਹੈ ਜਥਾ ਦੁਰ ਮਤ ਮਦ ਜੋ ਪੀਵਤੇ ਬਿਖਲੀਪਤ ਕਮਲੀ। ਨਾਮ ਰਸਾ ਇਨ ਜੋਰਤੇ ਨਾਨਕ ਸਚ ਅਮਲੀ। ਅਮਲ ਦੇ ਵਿਚ ਕੋਈ ਦੋਸ਼ ਨਹੀਂ ਬੌਰਾਂ ਹੋਜਾਂਦਾਹੈ ਨਾਮਦਿਓ ਬੌਰਾ ਹੋਇਆ ਸਬਦ ਮੈ ਬੌਰੀ ਮੇਰਾ ਰਾਮ ਭਤਾਰ। ਪੁਨਾ। ਰਾਮ ਬਿਓਗੀ ਨਾ ਜੀਐ ਜੀਐ ਤਾਂ ਬੌਰਾਹੋਇ। ਜਦੋਂ ਬੌਰਾਹੋਇਆ ਪੱਗ ਦੀ ਕੀ ਸੂਝ ਹੈ ਸਾਨੂੰ ਸਤਗੁਰ ਰਾਮਸਿੰਘ ਜੀਦਾ ਵਿਜੋਗ ਹੈ ਕਿਆ ਕਰੀਏ ਪੱਗਨੂੰ ਗੁਰੂ ਦਸਮੇ ਬੌਰੇ ਹੋਏ ਸਤਲੁਜ ਦੇ ਕਨਾਰੇ ਸਿਖਾਂ ਦੇ ਇਟਾਂ ਮਾਰੀਆਂ ਯਿਹ ਸ਼ਬਦ ਕਹਾ। ਨਾ ਸੋਇਆਂ ਨਾ ਜਾਗਿਆ ਨਾ ਕੁਝ ਕਰੀ ਪੁਕਾਰ। ਜਦੋਂ ਕੀ ਪੱਗ ਦੀ ਸੂਝ ਨਹੀਂ ਸੀ ਹੋਸਕਦੀ। ਗੁਰੂ ਨਾਨਕ ਜੀ ਮਸਤਾਨੇ ਹੋਏਸਬਦ॥ ਏਕ ਸੁਆਨਦੁਏ ਸੁਆਨੀ ਨਾਲ। ਜੇ ਗੁਰਾਂ ਨੂੰ ਸੂਝ ਸੀ ਤਾਂ ਕੁਤੇ ਕਿਉਂ ਲਏ ਮਸਤਾਨਿਆਂ ਦੀ ਕੁਲ ਦਸ਼ਾ ਐਸੀ ਹੁੰਦੀ ਹੈ ਐਸਾ ਹੀ ਹਾਲ ਹੁੰਦਾ ਹੈ। ਪੁਨਾ। ਹਉ ਆਕੁਲ ਬਿਕੁਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਪਈਆ॥ ਦੇਖੋ ਪਿਆਰੇ ਲੋਟ ਪੋਟ ਹੋਯਾਂ ਪੱਗ ਰਹੂਗੀ ਪੁਨਾ। ਭਾਈ ਗੁਰਦਾਸ ਜੀ-ਦਰਸਨ ਦੇਖਤ ਹੀ ਸੁਧ ਕੀ

Sri Satguru Jagjit Singh Ji eLibrary NamdhariElibrary@gmail.com

ਨਾ ਸੁਧ ਰਹੀ ਬੁਧ ਕੀ ਨਾਂ ਬੁਧ ਰਹੀ ਮਤ ਮੈ ਨਾ ਮਤ ਹੈ। ਪੁਨਾ। ਮੇਰਾ ਮੂੰਡ ਸੰਤ ਪਗਾ ਹੇਠ ਰੁਲਸੀਰੇ। ਜਦੋਂ ਸੀਸ ਰੁਲਿਆ ਕੀ ਪੱਗ ਰਹੂਗੀ ਹੋਰ ਕੀ ਕਹਿਣਾ ਹੈ ਪਹਿਲੇ ਤੈਨੂੰ ਰੰਗ ਚੜ੍ਹੇ ਤਾਂ ਨਿੰਦਾ ਤੇ ਹਟੇਂ ਨਾਲੇ ਪੱਗ ਤੇ ਠੀ ਬੰਨ ਲਈ ਤਨਖਾਹੀ ਹੋਣਤੇ ਲੇਕਨ ਦੋਸ਼ ਹੈ ਜਾਨ ਣ ਦਸੇ ਗੁਰੂ ਭਜਨ ਮੈਂ ਅਮਲ ਕਿਉਂ ਪਾਇਆ ਗੁਰੂ ਨਾਨਕ ਜੀ ਕੀ ਕਹਿੰਦੇ ਹਨ। ਏਹ ਭਜਨ ਤੇ ਜੋਰ ਰਾਤ ਦਿਨ ਇਕ ਕਰ ਛਡਿਆ। ਸਾਰੀ ਬਾਣੀ ਏਹੋ ਕਹਿੰਦੀਹੈ ਇਕ ਨਾਮ ਬੋਵਹੁ ਬੋਵਹੁ ਆਨ ਰੁਤ ਨਾਹੀ ਨਾਹੀਂ। ਪੁਨਾ ਸਗੋਂ ਹਸੇ ਰੰਗ ਰੋਵਹਿ ਚੁਪ ਭੀ ਕਰ ਜਾਹਿ। ਐਸਾ ਹਾਲ ਹੋਏ ਪੱਗਦਾ ਕੋਈ ਦੋਸ਼ ਨਹੀਂ। ਪੁਨਾ। ਕੋਈ ਆਖੇ ਭੂਤ ਨਾ ਕੋ ਕਹੈ ਬੇਤਾਲਾ। ਕੋਈ ਆਖੇ ਆਦਮੀ ਨਾਨਕ ਬੇਚਾਰਾ। ਭਿਆ ਦਿਵਾਨਾ ਸਾਹਿਕਾ ਨਾਨਕ ਬੌਰਾਨਾ। ਇਹ ਸਾਰੇ ਕਮਲੇ ਕਰ ਦੇਣੇ ਨਾਮਕੇ ਸਮੱਰਥਾ ਹੈ ਜਦ ਗੁਰੂ ਨਾਨਕ ਵਰਗੇ ਬੌਰੇ ਹੋਏ ਗਏ ਤਾਂ ਸਾਡੇ ਵਰਗੇ ਕਿਸ ਗਿਣਤੀ ਵਿਚ ਜਿਸ ਹਵਾ ਨਾਲ ਪ੍ਰਬਤ ਉਡ ਜਾਏ ਤਾਂ ਰੂੰਈ ਕਿਸ ਲੇਖੇ ਹੋਸਕਦੀ ਹੈ॥

ਸ਼ੰਕਾ ॥ ਸਤਿਗੁਰੂ ਭਜਨ ਦਿੰਦੇ ਸੇ ਜਾਂ ਦਿੰਦੇ ਹਨ ਕੰਨਮੇ ਕਿਉਂ ਸੁਣੌਂਦੇ ਹਨ ਉੱਚੀ ਸੁਣੌਣੇ ਕੀ ਛਲਪੈਂਦਾ ਹੈ ਗੁਰਬਾਣੀ ਅਨੁਸਾਰ ਹੈ ਤਾਂ ਸੁਣਾਓ। ਉਤ੍ਰ-ਗੁਰਪ੍ਰਮਾਣ ਅੰਤ੍ਰ ਅਲਖ ਨਾ ਜਾਈ ਲਖਿਆ। ਨਾਮ ਰਤਨ ਲੈ ਗੁਝਾ ਰਖਿਆ। ਅਗਮ ਅਗੋਚਰ ਸਭਤੇ ਊਚਾ ਗੁਰਕੈ ਸਬਦ੍ਰ



Sri Satguru Jagjit Singh Ji eLibrary NamdhariElibrary@gmail.com

ਲਖਾਵਣਿਆ। ਹਉ ਵਾਰੀ ਜੀਉ ਵਾਰੀ ਕਲਿਮੈ ਨਾਮ
ਸੁਣਾਵਣਿਆ। ਪੁਨਾ। ਹਉ ਬਲਿਹਾਰੀ ਸਤਿਗੁਰ ਆ
ਪਣੇ ਜਿਨ ਗੁਪਤ ਨਾਮ ਪਰਗਾਂਝਾ। ਪੁਨਾ। ਗੁਹਜ ਕਥਾ
ਇਹ ਗੁਰਤੇ ਜਾਣੀ। ਨਾਨਕ ਬੋਲੈ ਹਰਿ ਹਰਿ ਬਾਣੀ
ਪੁਨਾ। ਗੁਪਤਾ ਹੀਰਾ ਪ੍ਰਗਟ ਹੋਇ। ਨਾਨਕ ਪਰਖ..
ਸਚ ਸੋਇ। ਪੁਨਾ। ਭਯੋ ਪ੍ਰਗਾਸ ਭਰਮ ਭੈ ਨਾਸਿਓ ਮੰਤ੍ਰ
ਦੀਓ ਗੁਰ ਕਾਨ। ਪੁਨਾ। ਗੁਪਤਾ ਨਾਮ ਵਰਤੇ ਵਿਚ
ਕਲਜੁਗ ਘਟ ਘਟ ਹਰਿ ਭਰਪੂਰ ਰਿਹਾ। ਗੁਪਤਾ
ਨਾ ਦਸਣੇ ਕਾ ਨਾਮ ਹੈ ਕਿ ਗੁਪਤ ਜਪਣਾ ਦਸਣਾ
ਨਹੀਂ ਸਤਿਗੁਰੂ ਰਾਮ ਸਿੰਘ ਨੇ ਪਿਛਲੀ ਰੀਤੀ ਕਾ
ਕੀਤੀ ਬੇਫਲ ਹੋਈ ਵਿਚ ਫਲ ਪਾਇਆ। ਜੇੜ੍ਹਾ ਜਪੁ
ਸਾਹਿਬ ਮੇ ਚਾਰ ਪਉੜੀਆਂ ਸੁਣਿਆਂ ਦਾ ਫਲ ਦਸਿਆ
ਹੈ ਸੋ ਪ੍ਰਾਪਤ ਹੁੰਦਾ ਹੈ ਜੋ ਸੁਣੇ ਫੇਰ ਸੁਣਕੇ ਮੰਨ ਲਵੇ
ਕਿ ਨਾਮ ਏਹੀ ਹੈ ਪ੍ਰਮਾਤਮਾ ਕੇ ਸਾਥ ਮੇਲਣੇ ਵਾਲਾ। ਸੋ
ਮੰਨੇ ਦੀਆਂ ਚਾਰ ਪਉੜੀਆਂ ਦਸਦੀਆਂ ਹਨ ਫਲ ਕੋ
ਏਸੇ ਮੰਤ੍ਰ ਤੇ ਹੀਣੇ ਨੂੰ ਗੁਰੂ ਸਾਹਿਬਾਂ ਕਾਉਂ ਕੁਤੇ ਗਧੇ ਸੂਰ
ਸੱਪਾਂ ਦੀ ਜੂਨ ਪਾਉਣੇ ਦਾ ਸਰਾਫ ਜਾਂ ਹੁਕਮ ਦਿਤਾ ਹੈ।
ਗੁਰੂ ਮੰਤ੍ਰ ਹੀਣਃ॥ ਪੁਨਾ। ਮਾਇਆ ਬੰਦ ਸੰਦ ਵਿਖੇ
ਅਵਧ ਵਿਹਾਏ ਜਾਏ ਗੁਰਉਪਦੇਸ਼ ਹੀਣ ਪਾਛੇ ਪਛੁਤਾ
ਵਈ। ਨਾਮ ਸੁਣਿਆ ਅਰਦਾਸ ਦਿਤਾ ਕਿਸੀਕੋ ਬੇਫਲ ਹੋ
ਜਾਂਦਾ ਹੈ ਬੁਧਵਾਨ ਲਿਖਦੇ ਹਨ। ਗੋਪ ਰਾਖੀਏ ਮੰਤਰ
ਜਿਉਂ ਪ੍ਰਗਟ ਬੇਫਲ ਹੋਜਾਏ। ਮੰਤ੍ਰ ਨਾਮ ਦਸਣੇ ਕਾ ਈ

Sri Satguru Jagjit Singh Ji eLibrary NamdhariElibrary@gmail.com

ਹੈ ਉਪਦੇਸ਼ ਏਸੇ ਮੰਤ੍ਰ ਕੋ ਕਹਾ ਹੈ ਗੁਰੂ ਸਾਹਿਬ ਨੇ ਸ੍ਰੀ॥ ਉਪਦੇਸ਼ ਗੁਰੂ ਹਰਿ ਹਰਿ ਜਪੁ ਜਾਪੈ ਸਭ ਕਿਲ ਵਿਖ ਪਾਪ ਦੋਖ ਲਹਿ ਜਾਵੇ। ਜਪੇ ਦਾ ਫਲ ਬਹੁਤ ਹੀ ਹੈ ਏਸ ...ਾਬਤ ਸਾਰੀ ਬਾਣੀ ਪੁਕਾਰਦੀ ਹੈ ਦਸੇ ਤੇ ਪਾਸ ਨਹੀਂ ਰਹਿੰਦਾ। ਗੁਰੂ ਬਾਲਕ ਸਿੰਘ ਇਕ ਆਦਮੀ ਨੂੰ ਨਾਮ ਕੀ ਪ੍ਰਾਪਤੀ ਕੀਤੀ ਇਓਂ ਕਹਾ ਦਸੀਂ ਨਾ ਕਿਸੀ ਨੂੰ ਇਕ ਆਦਮੀ ਇਸ ਗਲ ਦਾ ਮੈਹਰਮ ਸੀ ਓਹ ਕਹਿੰਦਾ ਕੀ ਦਸਿਆ ਹੈ ਤੈਨੂੰ ਗਲ ਕੀ ਖਹਿੜੇ ਪੈਕੇ ਪੁਛਲਿਆ ਓਸ ਸਿਖਦੀ ਭਜਨ ਸਾਥ ਲਿਵ ਨਾ ਲਗੀ ਫੇਰ ਆਇਆ ਗੁਰਾਂ ਪਾਸ ਸਾਰੇ ਹਾਲ ਦਸਿਆ ਸੋ ਸਤਿਗੁਰਾਂ ਕਹਾ ਤੇਰਾ ਮਾੜਾ ਜਿਹਾ ਚਿਸ਼ਮਾ ਭੰਨਿਆਂ ਸੋ ਤੈਂ ਬੰਦ ਕਰਵਾ ਲਿਆ ਏਥੇ ਤਾਂ ਉਬਲ ਕੂਆ ਹੈ ਤੈਸੇ ਗੁਰੂ ਨਾਮ ਦੀ ਸਤਿਆ ਦਿੰਦਾ ਹੈ ਸੋ ਨਿਕਲ ਜਾਂਦੀ ਹੈ ਸਤਿਗੁਰ ਰਾਮਸਿੰਘ ਦਾ ਹੁਕਮ ਹੈ ਕੋਈ ਭਜਨ ਲੈਲਵੇ ਜੇ ਕਰੇ ਨਹੀਂ ਗਹਾਂ ਕਿਸੀ ਕੋ ਦਸੇ ਨਾ ਬਕਰਮੀ ਹੋਵੇ ਪਰ ਦਸੇ ਨਾ ਕਿਸੀ ਕੋ ਉਸ ਨੂੰ ਮਨੁਖ ਦਾ ਜਾਮਾ ਦੇਮਾਗਾ ਅਗਲੇ ਜਨਮ ਭਗਤੀ ਕਰਾਮਾਗਾ। ਜੈਸੇ ਗੁਰੂ ਅਮਰਦਾਸ ਬਾਈ ਮੰਜੀਆਂ ਅਰਥਾਤ ਬਾਈ ਉਪਦੇਸ਼ ਦੇਣੇ ਵਾਲੇ ਬਣਾਏ ਸੇ ਤੈਸੇ ਗੁਰੂ ਰਾਮ ਸਿੰਘ ਬਣਾਏ ਹਨ ਬਾਈ ਸੂਬੇ ਇਹੋ ਨਾਮ ਪ੍ਰਲੋਕ ਜਾਣੇ ਦਾ ਖਰਚ ਹੈ ਜੋ ਭਜਨ ਕਰੇ ਉਸਨੇ ਵਾਦਾ ਲਿਆ ਨਹੀ ਖਰਚ ਹਈ ਰਸਤੇ ਦਾ। ਜਥਾ। ਜਹਿ ਮੁਸ਼ਕਲ ਹੋਵੈ ਅਤ ਭਾਰੀ। ਹਰਿ ਕੋ ਨਾਮ ਖਿਨ ਮਾਹਿ ਉਧਾਰੀ। ਇਹੋ ਨਾਮ



Sri Satguru Jagjit Singh Ji eLibrary NamdhariElibrary@gmail.com

ਸੰਚਤ ਕਰਮਾ ਮੇ ਦਰਜ ਰਹਿੰਦਾ ਹੈ ਨਾ ਦਸਣੇ ਕਰਕੇ ਜੇ ਜਪੇ ਤਾਂ ਭੰਡਾਰ ਭਰ ਲਵੇਗਾ॥ ਦੋਹਰਾ ॥ਨਿਸਾ ਜੋ ਹਮਰੀ ਹੋਗਈ ਸੰਕਾ ਹੋਈ ਦੂਰ। ਸਤਿਗੁਰ ਅਜ ਮੈ ਜਾਣਿਆ ਗ੍ਰੰਥ ਸੁਣੇ ਭਰਪੂਰ॥ ਦੋ: ॥ ਅੰਧੇ ਲੋ ਜਾਣਦੇ ਮੱਤ ਜਿਨ ਉੱਲੂ ਸਮਾਨ। ਸੂਰਜ ਚੜ੍ਹਿਆ ਕਿਉ ਕਹੇਂ ਕਰਮ ਜੋ ਐਸੇ ਜਾਨ। ਲੋਕੀ ਆਖੇ ਗੁਰੂ ਨਹਿ ਗੁਰੂ ਲੀਓ ਮੈ ਜਾਣ। ਗ੍ਰੰਥ ਸੁਣੇ ਜੋ ਐਤਨੇ ਕਿਉਂ ਨਾਂ ਕਰੋਂ ਅਨੁਮਾਨ॥ ਕਬਿਤ ॥ ਲਗਦਾ ਦੀਵਾਨ ਬੜਾਉਤ ਸਵ ਹੋਤ ਬੜਾ ਪੜ੍ਹਦੇ ਹੈਂਗੇ ਸ਼ਬਦ ਜੋ ਰਾਗੀ ਵਿਚ ਆ ਣਕੇ। ਦੇਵਨ ਕੀ ਸਭਾ ਹੋਤੀ ਇੰਦ੍ਰ ਕੀ ਜੋ ਪੁਰੀ ਵਿਖੇ ਦੇਵਨ ਜੋ ਸੋਭੇ ਇੰਦ੍ਰ ਬੈਠੇ ਬੀਚ ਜਦੋਂ ਆਣਕੇ। ਅਕਾਸ਼ ਜੋ ਮੰਡਲ ਵਿਖੇ ਸੋਭਤ ਹੈ ਤਾਰੇ ਜੈਸੇ ਤਾਰਿਆਂ ਕੀ ਪੰਗਤੀ ਮੇ ਸੋਭੇ ਸਸੀ ਆਣਕੇ। ਤੈਸੇ ਹੀ ਪ੍ਰਤਾਪ ਸਹੀ ਅਬ ਸ਼ਹੀ ਦੇਖ ਲੀਨੋ ਸਿੰਘ ਪ੍ਰਤਾਪ ਸਹੀ ਤੀਨੋ ਸੋਭੇ ਆਣਕੇ॥ ਸੰਮਤ ਉਨੀਸੈ ਵਿਚ ਤਵੰਜਵੇਂ ਦੇ ਗਿਆ ਬਰਮੇ ਨੂੰ ਨੌਕਰੀ ਕਰਾਨ ਭਾਈ। ਮੌਲਮੀਨ ਦੇ ਟਾਪੂ ਮੇਂ ਜਾਏ ਪੁੱਜਾ ਤਹਾਂ ਮਿਲ ਗਏ ਸਿੱਖ ਤੂੰ ਜਾਨ ਭਾਈ। ਨੌਕਰ ਪੁਲਸ ਮਿਟ ਲਰੀ ਵਿਚ ਸੀਗੇ ਓਨਾਂ ਦਸਿਆ ਐਓਂ ਬਖਾਨ ਭਾਈ। ਭਜਨ ਦਸ ਦੀਨਾ ਜਦੋਂ ਕੰਨ ਮੇਰੇ ਭਰਮ ਦੂਰ ਹੋਯਾ ਏਯਾ ਗਜ਼ਾਨ ਭਾਈ। ਦੋਹਰਾ ॥ ਪਿੰਡ ਰਸੀਨ ਹੈ ਦਾਸਦਾ ਲੁਦਿਆਣਾ ਜਿਲਾ ਜਾਣ। ਗੋਤ ਥਿੰਧ ਹੈ ਪਿੰਡ ਕਾ ਸਿਖ ਭੀ ਬਹੁਤੇ ਜਾਣ॥ ਇਤੀ